Rs.10/-

Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

Editor : Jagpreet Singh ● RNI/PUNPUN00806 ● Issue Dated 03-08-2024 ● Vol.42 No.31 ● Ph. : 0175-2214575, 90410-14575 ● Page : 16

E-mail : khetiduniyan1983@gmail.com



# ਖੇਤੀ ਬਜਟ 2024 ਦਾ ਕਿਸਾਨੀ ਤੇ ਪ੍ਰਭਾਵ



ਖੁਰਾਕ ਹਰ ਜੀਵ ਦੀ ਲੋੜ ਹੈ। ਖੁਰਾਕ ਕਿਸਾਨ ਪੈਦਾ ਕਰਦਾ ਹੈ ਅਤੇ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਦੇਸ਼ ਵਾਸੀ ਤੱਕ ਲੋੜੀਂਦੀ ਖੁਰਾਕ ਪਹੁੰਚਾਈ ਜਾਵੇ। ਜਿੱਥੋਂ ਤੱਕ ਲੋਕਾਂ ਤੱਕ ਖੁਰਾਕ ਪਹੁੰਚਾਉਣ ਦਾ ਸਬੰਧ ਹੈ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਦੇਸ਼ ਦੀ 82 ਕਰੋੜ ਆਬਾਦੀ ਨੂੰ 5 ਕਿਲੋ ਮੁਫਤ ਅਨਾਜ ਹਰ ਮਹੀਨੇ ਅਗਲੇ ਪੰਜ ਸਾਲ ਤੱਕ ਜਾਰੀ ਰੱਖਿਆ ਜਾਵੇਗਾ। ਪੰਜ ਕਿਲੋ ਅਨਾਜ ਨਾਲ ਮਹੀਨਾ ਢਿੱਡ ਭਰਨਾ ਮੁਸ਼ਕਿਲ ਹੈ। ਸ਼ਾਇਦ ਏਸੇ ਕਰਕੇ ਅਸੀਂ ਵਿਸ਼ਵ ਹੰਗਰ ਇੰਡੈਕਸ ਦੇ ਲਿਹਾਜ ਨਾਲ 122 ਦੇਸ਼ਾਂ ਵਿੱਚੋਂ 111 ਸਥਾਨ ਤੇ ਆਉਂਦੇ ਹਨ। ਕੇਂਦਰ ਸਰਕਾਰ ਨੇ ਸਾਲ 2024-




**ਡਾ. ਅਮਨਪ੍ਰੀਤ ਸਿੰਘ ਬਰਾੜ**
ਐਸੋਸੀਏਟ ਪ੍ਰੋਫੈਸਰ ਬਿਜ਼ਨਸ ਮੈਨੇਜਮੈਂਟ, ਗੁਰੂ ਨਾਨਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ
ਮੋ. 96537-90000


25 ਦਾ ਬਜਟ ਪੇਸ਼ ਕਰ ਦਿੱਤਾ ਹੈ। ਆਓ ਸਮੀਖਿਆ ਕਰੀਏ ਕੇ ਇਸ ਬਜਟ ਵਿਚ ਖੇਤੀ ਅਤੇ ਕਿਸਾਨੀ ਨੂੰ ਉੱਪਰ ਚੁੱਕਣ ਲਈ ਕੀ ਕੁੱਝ ਰੱਖਿਆ ਹੈ। ਖੇਤੀ ਲਈ ਕੁੱਲ ਪੈਸਾ 1.52 ਲੱਖ ਕਰੋੜ ਰੱਖਿਆ ਗਿਆ ਹੈ ਜੋ ਕਿ ਪਿਛਲੇ ਸਾਲ ਦੇ 1.33 ਲੱਖ ਕਰੋੜ ਨਾਲੋਂ 25 ਪ੍ਰਤੀਸ਼ਤ ਜ਼ਿਆਦਾ ਹੈ। ਇਸ ਵਿਚ ਮੁੱਖ ਤੌਰ ਤੇ ਖਰਚਾ ਪ੍ਰਧਾਨ ਮੰਤਰੀ ਕਿਸਾਨ ਨਿੱਧੀ ਯੋਜਨਾ ਵਿੱਚ ਹੈ। ਬਜਟ ਵਿੱਚ ਇਹ ਵੀ ਕਿਹਾ ਗਿਆ ਹੈ ਆਉਣ ਵਾਲੇ ਦੋ ਸਾਲਾਂ ਵਿੱਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਮੋੜਿਆ ਜਾਵੇਗਾ। ਕੁਦਰਤੀ ਖੇਤੀ ਮਤਲਬ ਨਾ ਸੁਧਰੇ ਬੀਜ ਨਾ ਖਾਦ ਨਾ ਕੋਈ ਰਸਾਇਣ ਕੀੜੇ ਅਤੇ ਬੀਮਾਰੀ ਤੋਂ ਬਚਾਅ ਲਈ। ਇਸ ਦਾ ਮਤਲਬ ਜਿਸ ਤਕਨੀਕੀ ਖੇਤੀ ਨਾਲ ਦੇਸ਼ ਖੁਰਾਕ ਵਿਚ ਆਤਮ ਨਿਰਭਰ ਹੋਇਆ ਅਤੇ ਅੱਜ ਬਰਾਮਦ ਵਿੱਚ ਵੀ ਹਿੱਸਾ ਪਾ ਰਿਹਾ ਹੈ, ਉਸ ਤੋਂ ਪਿੱਛੇ ਹਟਣਾ। ਦਾਲਾਂ ਅਤੇ ਤੇਲ ਬੀਜਾਂ ਨੂੰ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਜੋ ਸ਼ਲਾਘਾਯੋਗ ਕਦਮ ਹੈ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਬਚੇਗੀ। ਐਫ. ਪੀਓਜ਼ (ਕਿਸਾਨ ਪੈਦਾਵਾਰ ਸੰਗਠਨ) ਦੀ ਸਕੀਮ ਵੀ ਚਾਲੂ ਰੱਖੀ ਜਾਵੇਗੀ ਜਿਸ ਤਹਿਤ ਸਹਿਕਾਰੀ ਅਦਾਰਿਆਂ ਨਾਲ ਜੋੜਕਿ ਸਬਜ਼ੀਆਂ ਦੀ ਸਟੋਰੇਜ ਅਤੇ ਮੰਡੀਕਰਨ ਕੀਤਾ ਜਾਵੇਗਾ।

ਸਰਕਾਰੀ ਡਿਜ਼ੀਟਲ ਢਾਂਚਾ ਬਣਾਇਆ ਜਾਵੇਗਾ ਜਿਸ ਤਹਿਤ 400 ਜ਼ਿਲ੍ਹਿਆਂ ਵਿਚ ਸਰਵੇ ਕਰਕੇ ਫਸਲੀ ਪੈਦਾਵਾਰ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲਿਆ ਜਾਵੇਗਾ।

ਖੇਤੀ ਖੋਜ ਲਈ ਸਿਰਫ 9941 ਕਰੋੜ ਰੁਪਿਆ ਰੱਖਿਆ ਜੋ 2023-24 ਵਿਚ 9876 ਕਰੋੜ ਭਾਵ ਵਾਧਾ ਸਿਰਫ ਸਟਾਫ ਦੀ ਇੰਨਕਰੀਮੈਂਟ ਜੋਗਾ ਹੀ। ਜਦਕਿ ਲੋੜ ਖੋਜ ਦੀ ਪਹਿਲਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਵਾਤਾਵਰਨ ਬਦਲ ਰਿਹਾ ਹੈ। ਇਹ ਵੀ ਤਜਵੀਜ ਰੱਖੀ ਗਈ ਹੈ ਕਿ ਪ੍ਰਾਈਵੇਟ ਅਦਾਰਿਆਂ ਨੂੰ ਖੇਤੀ ਖੋਜ ਲਈ ਜੋੜਿਆ ਜਾਵੇਗਾ। ਖੇਤੀ ਖੋਜ ਤਾਂ ਪ੍ਰਾਈਵੇਟ ਅਦਾਰੇ ਪਹਿਲਾਂ ਹੀ ਕਰਦੇ ਹਨ ਪਰ ਨਾਲ ਜੋੜਨ ਦਾ ਮਤਲਬ ਖੋਜ ਲਈ ਰੱਖੇ ਬਜਟ ਵਿੱਚੋਂ ਕੁੱਝ ਹਿੱਸਾ ਅਤੇ ਸਰਕਾਰੀ ਲੈਬਾਰਟਰੀਆਂ ਵੀ ਪ੍ਰਾਈਵੇਟ ਅਦਾਰੇ ਵਰਤਣਗੇ।

> **ਕੁੱਲ ਮਿਲਾਕੇ ਕੇਂਦਰ ਦੇ ਇਸ ਸਾਲ ਦੇ ਬਜਟ ਤੋਂ ਬਜਟ ਤੋਂ ਪੰਜਾਬ ਦੀ ਖੇਤੀ ਨੂੰ ਲਾਹੇਵੰਦ ਹੁਲਾਰਾ ਮਿਲਣ ਦੀ ਆਸ ਨਹੀਂ ਪੰਜਾਬ ਖੇਤੀ ਪ੍ਰਧਾਨ ਸੂਬਾ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਬਹੁਤੀ ਆਬਾਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਖੇਤੀ ਤੇ ਨਿਰਭਰ ਹੈ ਇਸ ਲਈ ਪੰਜਾਬ ਸਰਕਾਰ ਨੂੰ ਆਪਣੇ ਬਲਬੂਤੇ ਖੇਤੀ ਨੂੰ ਹੁਲਾਰਾ ਦੇਣ ਵਾਲੀਆਂ ਸਕੀਮਾਂ ਲਿਆਉਣੀ ਚਾਹੀਦੀਆਂ ਹਨ।**

ਦੂਜੇ ਪਾਸੇ ਖਾਦਾਂ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ। ਇਸ ਸਾਲ ਬਜਟ ਵਿਚ ਸਿਰਫ 1.64 ਲੱਖ ਕਰੋੜ ਰੱਖੇ ਗਏ ਹਨ ਪਿਛਲੇ ਸਾਲ ਦੇ ਅਸਲ ਖਰਚੇ 2.51 ਕਰੋੜ ਦੇ ਮੁਕਾਬਲੇ ਭਾਵ ਤਕਰੀਬਨ 87000 ਕਰੋੜ (53 ਫੀਸਦੀ) ਘੱਟ। ਇਸ ਨਾਲ ਰਸਾਇਣਕ ਖਾਦਾਂ ਦੀ ਉਪਲੱਬਧਤਾ ਘਟੇਗੀ ਜਿਸਦਾ ਸਿੱਧਾ ਅਸਰ ਖੇਤੀ ਪੈਦਾਵਾਰ ਤੇ ਪਵੇਗਾ ਅਤੇ ਅਖੀਰ ਵਿੱਚ ਅਨਾਜ ਅਤੇ ਹੋਰ ਖਾਣ ਵਾਲੀਆਂ ਵਸਤੂਆਂ ਮਹਿੰਗੀਆਂ ਹੋਣਗੀਆਂ।

ਇੰਨਾ ਹੀ ਨਹੀਂ ਖੁਰਾਕ ਵੰਡ ਮਹਿਕਮੇ ਦਾ ਬਜਟ ਵੀ ਘਟਾਇਆ ਗਿਆ ਹੈ। ਇਸ ਸਾਲ 2.13 ਲੱਖ ਕਰੋੜ ਰੱਖੇ ਗਏ ਹਨ। ਸਾਲ 2022-23 ਵਿਚ ਮਹਿਕਮੇ ਦਾ ਕੁੱਲ ਖਰਚਾ 2.84 ਲੱਖ ਕਰੋੜ ਸੀ। ਜੇ ਇਹ ਬਜਟ ਮੌਕੇ ਸਿਰ ਨਾ ਵਧਾਇਆ ਗਿਆ ਤਾਂ ਇਸ ਦਾ ਸਿੱਧਾ ਅਸਰ ਅਨਾਜ ਵੰਡ ਪ੍ਰਣਾਲੀ ਤੇ ਪਵੇਗਾ ਜਾਂ ਕਹਿ ਲਓ ਕਿ ਸਹੂਲਤ ਕਤਾਰ ਵਿੱਚ ਖੜ੍ਹੇ ਅਖੀਰਲੇ ਬੰਦਿਆਂ (ਦੂਰ ਦੁਰਾਡੇ ਦੇ ਲੋਕਾਂ) ਨੂੰ ਨਹੀਂ ਮਿਲੇਗੀ।

## ਬਜਟ ਪੰਜਾਬ ਦੇ ਸੰਦਰਭ ਵਿੱਚ

ਪੰਜਾਬ ਵਿਚ ਕਿਸਾਨ ਸਮਾਨ ਸਿੱਧੀ ਦਾ ਲਾਭ ਬਹੁਤ ਥੋੜ੍ਹੇ ਲੋਕਾਂ ਨੂੰ ਪਹੁੰਚਦਾ ਹੈ ਕਿਉਂਕਿ ਬਹੁਤੇ ਕਿਸਾਨ ਸ਼ਰਤਾਂ ਪੂਰੀਆਂ ਨਹੀਂ ਕਰਦੇ। ਜਿੱਥੋਂ ਤੱਕ ਕੁਦਰਤੀ ਖੇਤੀ ਦਾ ਸੰਬੰਧ ਹੈ ਪੰਜਾਬ ਵਿੱਚ ਬਹੁਤੇ ਲੋਕ ਤਕਨੀਕੀ ਖੇਤੀ ਕਰਦੇ ਹਨ ਅਤੇ ਕੁਦਰਤੀ ਖੇਤੀ ਨਾਲ ਪੈਦਾਵਾਰ ਘੱਟਦੀ ਹੈ। ਘੱਟ ਪੈਦਾਵਾਰ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ। ਜਿਹੜੀਆਂ ਲੈਬਾਰਟਰੀ ਕੁਦਰਤੀ ਖੇਤੀ ਦੀ ਪੈਦਾਵਾਰ ਟੈਸਟ ਕਰਨ ਲਈ ਖੁੱਲ੍ਹਣੀਆਂ ਹਨ ਉਹ ਕਿੰਨੀਆਂ ਲਾਹੇਵੰਦ ਹੁੰਦੀਆਂ ਹਨ, ਇਹ ਆਉਣ ਵਾਲਾ ਸਮਾਂ ਦੱਸੇਗਾ। ਟੈਸਟਿੰਗ ਸਹੂਲਤ ਪੰਜਾਬ ਵਿਚ ਇਸ ਵੇਲੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਲੁਧਿਆਣਾ ਵਿੱਚ ਡੇਅਰੀ ਵਸਤੂਆਂ ਅਤੇ ਸਿਫੇਟ (ਸੈਂਟਰ ਇੰਸਟੀਚਿਊਟ ਆਫ ਪੋਸਟ ਹਾਰਵੈਸਟ ਟੈਕਨਾਲੋਜੀ) ਜੋ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਇੱਕ ਕੋਨੇ ਵਿੱਚ ਹੈ, ਇਹ ਖੇਤੀ ਦੀ ਬਾਕੀ ਪੈਦਾਵਾਰ ਲਈ ਮੌਜੂਦ ਹੈ। ਇਹਨਾਂ ਦੀ ਟੈਸਟਿੰਗ ਫੀਸ ਦੀ ਲਿਸਟ ਪੜ੍ਹ ਕੇ ਹੀ ਬੰਦੇ ਦਾ ਉਪਰਲਾ ਸਾਹ ਉੱਪਰ ਅਤੇ ਹੇਠਲੇ ਸਾਹ ਹੇਠਾਂ ਰਹਿ ਜਾਂਦਾ ਹੈ।

ਬਜਟ ਵਿਚ ਪਾਣੀ ਜਿਸ ਦੀ ਤਕਰੀਬਨ ਸਾਰੇ ਦੇਸ਼ ਵਿਚ ਹੀ ਕਮੀ ਹੈ ਉਸ ਦੀ ਸਾਂਭ-ਸੰਭਾਲ ਅਤੇ ਬੱਚਤ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਏਸੇ ਤਰ੍ਹਾਂ ਐੱਮ. ਐੱਸ. ਪੀ. ਤੇ ਜਿਨਸਾਂ ਦੀ ਖਰੀਦ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ। ਕਿਸਾਨ ਕਈ ਸਾਲਾਂ ਤੋਂ ਫਸਲ ਦੇ ਵਾਜਬ ਮੁੱਲ ਦੀ ਕਾਨੂੰਨੀ ਗਰੰਟੀ ਦੀ ਮੰਗ ਕਰ ਰਹੇ ਹਨ ਅਤੇ ਜਦੋ-ਜਹਿਦ ਵੀ ਕਰ ਰਹੇ ਹਨ। ਇਕ ਗਣਤੰਤਰ ਦੇਸ਼ ਵਿਚ ਜਿੱਥੇ 2/3 ਅਬਾਦੀ ਖੇਤੀ ਦੇ ਨਿਰਭਰ ਹੋਵੇ ਉਹਨਾਂ ਦੀ ਮੁੱਖ ਮੰਗ ਤੇ ਸਰਕਾਰ ਵਿਚਾਰ ਵੀ ਨਹੀਂ ਕਰੇ ਅਤੇ ਆਪਣੀ ਪ੍ਰਤੀਕਿਰਿਆ ਵੀ ਨਾ ਦੇਵੇ। ਲੋਕਤੰਤਰ ਵਿੱਚ ਇਹ ਗੱਲ ਸੋਭਾ ਨਹੀਂ ਦਿੰਦੀ।

## ਪੰਜਾਬ ਦੀ ਖੇਤੀ ਤੇ ਅਸਰ

ਦਾਲਾਂ ਅਤੇ ਤੇਲ ਬੀਜਾਂ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਸਰਕਾਰ ਨੇ ਇਕ ਸਕੀਮ ਕੱਢੀ ਹੈ ਜਿਸ ਤਹਿਤ ਜਿਹੜਾ ਕਿਸਾਨ ਧਾਨ ਦਾ ਫਸਲ ਦੀ ਜਗ੍ਹਾ ਕੋਈ ਹੋਰ ਫਸਲ ਬੀਜੇਗਾ ਉਸ ਨੂੰ 7000/- ਰੁਪਏ ਪ੍ਰਤੀ ਏਕੜ ਦੇ ਕਿਸ਼ਤਾਂ ਵਿਚ ਦਿੱਤਾ ਜਾਵੇਗਾ। ਇਸ ਸਕੀਮ ਅਧੀਨ 289.87 ਕਰੋੜ ਰੁਖਿਆ ਰੱਖਿਆ ਗਿਆ ਹੈ ਪਰ ਇਸ ਸਾਲ ਇਹ ਸਕੀਮ ਅਖਬਾਰਾਂ ਵਿੱਚ 22 ਜੁਲਾਈ ਨੂੰ ਪ੍ਰਕਾਸ਼ਤ ਕੀਤੀ ਗਈ ਜਦੋਂ ਤੱਕ ਤਕਰੀਬਨ ਸਾਰਾ ਝੋਨਾ ਲੱਗ ਚੁੱਕਿਆ ਹੈ। ਵੈਸੇ ਵੀ 7000/- ਰੁਪਏ ਪ੍ਰਤੀ ਏਕੜ ਕਿਸਾਨ ਨੂੰ ਬਦਲਵੀਂ ਫਸਲ ਬੀਜਣ ਨੂੰ ਉਤਸ਼ਾਹਿਤ ਨਹੀਂ ਕਰਦਾ ਜਿੰਨਾ ਚਿਰ ਨਰਮੇ ਦੀ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਇਲਾਜ ਨਹੀਂ ਹੁੰਦਾ ਅਤੇ ਦਾਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨਹੀਂ ਨਿਕਲਦੀਆਂ। ਦਾਲਾਂ ਅਤੇ ਤੇਲ ਬੀਜ ਸਕੀਮ ਤਹਿਤ ਖੋਜ ਨੂੰ ਵੱਧ ਫੰਡ ਦੇ ਕੇ ਚੰਗੀਆਂ ਕਿਸਮਾਂ ਅਤੇ ਪੈਦਾਵਾਰ ਵਧਾਉਣ ਦੀਆਂ ਤਕਨੀਕਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ।

ਐੱਫ.ਪੀਓਜ਼. ਵਾਲੀ ਸਕੀਮ ਨੂੰ ਕਾਮਯਾਬ ਕਰਨ ਲਈ ਪੰਜਾਬ ਸਰਕਾਰ ਨੂੰ ਵੀ ਉਪਰਾਲੇ ਕਰਨੇ ਚਾਹੀਦੇ ਹਨ। ਇਹਨਾਂ ਸੰਸਥਾਵਾਂ ਲਈ ਪਿੰਡਾਂ ਦੇ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਚਲਾਉਣ ਵਿਚ 2-3 ਸਾਲ ਤਕਨੀਕੀ ਮੱਦਦ ਕਰਨੀ ਚਾਹੀਦੀ ਹੈ ਜਿਸ ਨੂੰ ਬਾਂਹ ਫੜਨੀ (ਹੈਂਡ ਹੋਲਡਿੰਗ) ਵੀ ਕਿਹਾ ਜਾਂਦਾ ਹੈ। ਇਹ ਕੰਮ ਨਿਰਾ ਸਰਕਾਰ ਤੇ ਵੀ ਨਹੀਂ ਛੱਡਣਾ ਚਾਹੀਦਾ ਬਲਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਪੜ੍ਹੇ ਲਿਖੇ ਪੇਂਡੂ ਵਰਕਰਾਂ ਤੋਂ ਇਹ ਸੰਸਥਾਵਾਂ ਖੁਲ੍ਹਵਾਉਣੀਆਂ ਚਾਹੀਦੀਆਂ ਹਨ ਤਾਂ ਕਿ ਉਹਨਾਂ ਦੇ ਰੋਜ਼ਗਾਰ ਦਾ ਪ੍ਰਬੰਧ ਆਪਣੇ ਪਿੰਡਾਂ ਵਿਚ ਹੀ ਹੋ ਸਕੇ। ਜਿਹੜਾ ਪੈਸਾ ਨੌਜਵਾਨ ਵਿਦੇਸ਼ਾਂ ਵਿਚ ਜਾਣ ਲਈ ਏਜੰਟਾਂ ਨੂੰ ਝੋਕ ਰਹੇ ਹਨ ਉਸੇ ਪੈਸੇ ਨਾਲ ਛੋਟੇ ਪੱਧਰ ਤੇ ਕੁੱਝ ਨੌਜਵਾਨ ਇਕੱਠੇ ਹੋ ਕੇ ਇਹ ਕੰਮ ਕਰ ਸਕਦੇ ਹਨ।

ਪੰਜਾਬ ਦੀ ਇਸ ਵੇਲੇ ਤਕਰੀਬਨ ਸਾਰੀ ਦੀ ਸਾਰੀ ਪੈਦਾਵਾਰ ਹੀ ਬਿਨ੍ਹਾਂ ਪ੍ਰੋਸੈਸ ਕੀਤਿਆਂ ਸੂਬੇ ਦੇ ਅੰਦਰ ਜਾਂ ਬਾਹਰ ਵਿਕਦੀ ਹੈ ਇਸ ਪੈਦਾਵਾਰ ਨੂੰ ਪ੍ਰੋਸੈਸ ਕਰਕੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਕੇਂਦਰ ਦੀ ਐੱਫ. ਪੀਓਜ਼ ਸਕੀਮ ਅਧੀਨ ਇਮਦਾਦ ਹੋ ਜਾਵੇਗੀ। ਬਾਕੀ ਦਾ ਪੈਸਾ ਬੈਂਕਾਂ ਤੋਂ ਕਰਜ਼ੇ ਦੇ ਰੂਪ ਵਿਚ ਦਿਵਾਇਆ ਜਾਵੇ। ਖੇਤੀਬਾੜੀ ਮਹਿਕਮੇ ਦਾ ਸਹਿਯੋਗ ਕਲਸਟਰ ਦੀ ਜਗ੍ਹਾ ਅਤੇ ਕਿਸਾਨ ਚੁਣਨ ਵਿਚ ਲਿਆ ਜਾਵੇ। ਹਰ ਜ਼ਿਲ੍ਹੇ ਦੇ ਇੰਡਸਟਰੀ ਮਹਿਕਮੇ ਦੀ ਇਹ ਜ਼ਿੰਮੇਵਾਰੀ ਹੋਵੇ ਕਿ ਆਪਣੇ ਜ਼ਿਲ੍ਹੇ ਵਿਚ ਘੱਟੋ-ਘੱਟ ਦੱਸ ਕਲਸਟਰਾਂ ਦੇ ਪ੍ਰੋਜੈਕਟ ਚਲਾਵੇ ਅਤੇ ਘੱਟੋ-ਘੱਟ ਤਿੰਨ ਸਾਲ ਤੱਕ ਸਰਪ੍ਰਸਤੀ ਕਰੇ।

ਜਿਹੜਾ ਬਜਟ ਫਰਟੀਲਾਈਜ਼ਰ ਅਤੇ ਕੈਮੀਕਲ ਮਨਿਸਟਰੀ ਦਾ ਘਟਾਇਆ ਗਿਆ ਹੈ, ਹੋ ਸਕਦਾ ਹੈ ਕਿ ਕੇਂਦਰ ਸਰਕਾਰ ਨੈਨੋਂ ਖਾਦਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੋਵੇ। ਨੈਨੋਂ ਖਾਦਾਂ ਦਾ ਪੰਜਾਬ ਦੀ ਖੇਤੀ ਦੇ ਸੰਦਰਭ ਵਿਚ ਕੋਈ ਲਾਹੇਵੰਦ ਯੋਗਦਾਨ ਨਹੀਂ ਕਿਉਂਕਿ ਫਸਲ ਨੂੰ ਖੁਰਾਕ ਦੀ ਲੋੜ ਝਾੜ ਮੁਤਾਬਕ ਪੈਂਦੀ ਹੈ ਘੱਟ ਖੁਰਾਕ-ਘੱਟ ਝਾੜ ਜਿਹੜਾ ਪੰਜਾਬ ਦੇ ਅਗਾਂਹ-ਵਧੂ ਕਿਸਾਨ ਨੂੰ ਮਾਫਕ ਨਹੀਂ। ਇਸ ਲਈ ਪੰਜਾਬ ਸਰਕਾਰ ਨੂੰ ਸੰਬੰਧਤ ਮੰਤਰਾਲੇ ਨਾਲ ਮਿਲਕੇ ਸੂਬੇ ਦਾ ਖਾਦਾਂ ਦਾ ਕੋਟਾ ਨਿਸ਼ਚਿਤ ਕਰਵਾ ਲੈਣਾ ਚਾਹੀਦਾ ਹੈ।

ਇੰਨਾ ਹੀ ਨਹੀਂ ਖੁਰਾਕ ਮੰਤਰਾਲੇ ਦਾ ਬਜਟ ਦੀ ਘਟਾਇਆ ਗਿਆ। ਅਗਰ ਇਸਨੂੰ ਆਉਣ ਵਾਲੇ ਸਮੇਂ ਵਿਚ ਲੋੜ ਮੁਤਾਬਕ ਨਹੀਂ ਵਧਾਇਆ ਜਾਂਦਾ ਤਾਂ ਇਸ ਦਾ ਸਿੱਧਾ ਅਸਰ ਖੁਰਾਕ ਖਰੀਦ ਅਤੇ ਵੰਡ ਪ੍ਰਣਾਲੀ ਤੇ ਵੀ ਪਵੇਗਾ।

ਕੁੱਲ ਮਿਲਾਕੇ ਕੇਂਦਰ ਦੇ ਇਸ ਸਾਲ ਦੇ ਬਜਟ ਤੋਂ ਬਜਟ ਤੋਂ ਪੰਜਾਬ ਦੀ ਖੇਤੀ ਨੂੰ ਲਾਹੇਵੰਦ ਹੁਲਾਰਾ ਮਿਲਣ ਦੀ ਆਸ ਨਹੀਂ ਪੰਜਾਬ ਖੇਤੀ ਪ੍ਰਧਾਨ ਸੂਬਾ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਬਹੁਤੀ ਆਬਾਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਖੇਤੀ ਤੇ ਨਿਰਭਰ ਹੈ ਇਸ ਲਈ ਪੰਜਾਬ ਸਰਕਾਰ ਨੂੰ ਆਪਣੇ ਬਲਬੂਤੇ ਖੇਤੀ ਨੂੰ ਹੁਲਾਰਾ ਦੇਣ ਵਾਲੀਆਂ ਸਕੀਮਾਂ ਲਿਆਉਣੀ ਚਾਹੀਦੀਆਂ ਹਨ।

ਪੰਜਾਬ ਦੀ ਖੇਤੀ ਨੀਤੀ ਸੰਬੰਧੀ ਜਿਹੜੀ ਰਿਪੋਰਟ ਸਰਕਾਰ ਨੇ ਆਪਣੇ ਮਹਿਰਾਂ ਦੀ ਕਮੇਟੀ ਤੋਂ ਬਣਵਾਈ ਹੈ ਅਤੇ ਜਿਹੜੀ ਰਿਪੋਰਟ ਬੋਸਟਨ ਕੰਪਨੀ ਤੋਂ ਫਸਲੀ ਵਿਭਿੰਨਤਾ ਅਤੇ ਪਰਾਲੀ ਦੀ ਸਾਂਭ ਸੰਭਾਲ ਬਾਰੇ ਬਣਵਾਈ ਹੈ ਉਹ ਜਨਤਕ ਕਰ ਦਿੱਤੀ ਜਾਵੇ ਤਾਂ ਕਿ ਲੋਕਾਂ ਦੇ ਸੁਝਾਅ ਆ ਸਕਣ ਕਿ ਇਹ ਨੀਤੀ ਲਾਗੂ ਕਰਨ ਦੇ ਯੋਗ ਹੈ ਜਾਂ ਨਹੀਂ। ਸਰਕਾਰ ਨੇ ਇਸ ਵੇਲੇ ਠੰਡੇ ਬਸਤੇ ਵਿਚ ਪਾ ਰੱਖੀ ਹੈ ਜੇ ਲਾਗੂ ਕਰਨ ਯੋਗ ਨਹੀਂ ਜਾਂ ਉਹ ਨੀਤੀ ਲਾਗੂ ਕਰਨ ਲਈ ਸਰਕਾਰ ਕੋਲ ਫੰਡ ਨਹੀਂ ਤਾਂ ਨਾ ਲਾਗੂ ਕਰਨ ਪਰ ਕਿਸਾਨਾਂ ਅਤੇ ਆਪ ਲੋਕਾਂ ਨੂੰ ਇਹ ਤਾਂ ਪਤਾ ਲੱਗਣਾ ਚਾਹੀਦਾ ਹੈ ਕਿ ਸਾਡੇ ਮਾਹਰ ਖੇਤੀ ਨੂੰ ਕਿਸ ਦਿਸ਼ਾ ਅਤੇ ਦਸ਼ਾ ਵੱਲ ਲਿਜਾਣਾ ਚਾਹੁੰਦੇ ਹਨ।

# ਬਾਸਮਤੀ ਵਿਚ ਲੋੜ ਅਨੁਸਾਰ ਯੂਰੀਆ ਖਾਦ ਦੀ ਵਰਤੋਂ ਲਈ ਮਦਦਗਾਰ ਪੀ ਏ ਯੂ ਰੰਗ ਚਾਰਟ



ਸਵਰਨਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ. 98152-89992)

ਕਿਸਾਨ ਵੀਰ ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਖੇਤੀ ਖਰਚਿਆਂ ਨੂੰ ਘਟਾਉਣਾ ਅਤੇ ਮਿੱਟੀ ਦੀ ਸਿਹਤ ਨੂੰ ਖਰਾਬ ਹੋਣ ਤੋਂ ਬਚਾਉਣਾ ਅੱਜ ਦੇ ਸਮੇਂ ਦੀ ਲੋੜ ਬਣ ਚੁੱਕਿਆ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਸ ਸੰਬੰਧ ਵਿੱਚ ਸਮੇਂ-ਸਮੇਂ ਤੇ ਨਵੀਆਂ ਸਿਫਾਰਸ਼ਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸਾਨ ਵੀਰ ਆਪਣਾ ਬੇਲੋੜੇ ਖਰਚਿਆਂ ਤੋਂ ਨਿਜਾਤ ਪਾ ਸਕਣ ਜਿਨ੍ਹਾਂ ਵਿਚੋਂ ਇਕ ਹੈ ਪੱਤਾ ਰੰਗ ਚਾਰਟ (ਲੀਫ ਕਲਰ ਚਾਰਟ) ਜੋ ਕਿ ਬੇਲੋੜੀ ਨਾਈਟ੍ਰੋਜਨ ਖਾਦ ਦੀ ਵਰਤੋਂ ਨੂੰ ਘਟਾ ਕੇ ਨਾ ਸਿਰਫ ਖੇਤੀ ਖਰਚੇ ਘਟਾਉਂਦਾ ਹੈ ਬਲਕਿ ਬੇਲੋੜੀ ਨਾਈਟ੍ਰੋਜਨ ਖਾਦ ਦੀ ਵਰਤੋਂ ਨਾਲ ਮਿੱਟੀ ਦੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਉਂਦਾ ਹੈ । ਪੱਤਾ ਰੰਗ ਚਾਰਟ ਮੌਜੂਦਾ ਫਸਲ ਵਿਚ ਨਾਈਟ੍ਰੋਜਨ ਦੀ ਲੋੜ ਅਤੇ ਫਸਲ ਵਿਚ ਉੱਪਰੋਂ ਨਾਈਟ੍ਰੋਜਨ ਖਾਦ ਪਾਉਣ ਲਈ ਤੁਰੰਤ ਵਰਤੋਂ ਵਿਚ ਆਉਣ ਵਾਲੀ ਇਕ ਆਸਾਨ ਅਤੇ ਘੱਟ ਲਾਗਤ ਵਾਲੀ ਤਕਨੀਕ ਹੈ ਜੋ ਕਿ ਇਕ ਸਮਝਦਾਰ ਟੂਲ ਵਜੋਂ ਵੀ ਜਾਣਿਆ ਜਾਂਦਾ ਹੈ। ਜਿਸਦੀ ਵਰਤੋਂ ਨਾਲ ਅੱਖੀਂ ਦੇਖ ਕੇ ਹੀ ਫਸਲ ਨੂੰ ਨਾਈਟ੍ਰੋਜਨ ਦੀ ਜ਼ਰੂਰਤ ਅਤੇ ਪਾਉਣ ਦੇ ਸਮੇਂ ਦਾ ਪਤਾ ਲਗਾਇਆ ਜਾ ਸਕਦਾ ਹੈ। ਪੱਤਾ ਰੰਗ ਚਾਰਟ ਦੇ ਰੰਗਦਾਰ ਪੈਨਲ ਇਹ ਦਰਸਾਉਣ ਲਈ ਤਿਆਰ ਕੀਤੇ ਗਏ ਹਨ ਕਿ ਝੋਨਾ, ਬਾਸਮਤੀ, ਮੱਕੀ ਅਤੇ ਕਣਕ ਦੀ ਫਸਲ ਨੂੰ ਨਾਈਟ੍ਰੋਜਨ ਖਾਦ ਪਾਉਣ ਦੀ ਜ਼ਰੂਰਤ ਹੈ ਜਾ ਨਹੀਂ। ਪੱਤਾ ਰੰਗ ਚਾਰਟ ਇਹ ਯਕੀਨੀ ਬਣਾਉਂਦਾ ਹੈ ਕਿ ਝੋਨਾ, ਬਾਸਮਤੀ, ਮੱਕੀ ਅਤੇ ਕਣਕ ਦੀ ਫਸਲ ਵਿਚ ਰਸਾਇਣਾਂ ਦੀ ਸਿਰਫ ਲੋੜ ਅਧਾਰਿਤ ਸਰਵੋਤਮ ਵਰਤੋਂ ਹੋਵੇ । ਰਸਾਇਣਿਕ ਖਾਦ ਖਾਸ ਤੌਰ ਤੇ ਯੂਰੀਆ ਦੀ ਝੋਨਾ, ਬਾਸਮਤੀ, ਮੱਕੀ ਅਤੇ ਕਣਕ ਦੀ ਫਸਲ ਵਿਚ ਅੰਨ੍ਹੇਵਾਹ ਵਰਤੋਂ ਕੀਤੀ ਜਾ ਰਹੀ ਹੈ । ਇਸ ਲਈ ਤੁਰੰਤ ਲੋੜ ਹੈ ਕਿ ਯੂਰੀਆ ਅਤੇ ਹੋਰ ਨਾਈਟ੍ਰੋਜਨ ਖਾਦ (ਜੈਵਿਕ ਅਤੇ ਅਜੈਵਿਕ) ਦੀ ਵਰਤੋਂ ਪੱਤਾ ਰੰਗ ਚਾਰਟ ਦੇ ਆਧਾਰ ਤੇ ਫਸਲ ਦੀ ਲੋੜ ਅਨੁਸਾਰ ਹੀ ਪਾਉਣੀ ਬਣਾਈ ਜਾਵੇ। ਕਿਉਂਕਿ ਬਾਸਮਤੀ ਨੂੰ ਵਧੇਰੇ ਨਾਈਟ੍ਰੋਜਨ ਤੱਤ ਪਾਉਣ ਨਾਲ ਪੌਦੇ ਦਾ ਫੁਲਾਟ ਅਤੇ ਉੱਚਾਈ ਵੱਧ ਜਾਂਦੀ ਹੈ, ਜਿਸ ਨਾਲ ਫਸਲ ਡਿੱਗ ਪੈਂਦੀ ਹੈ ਅਤੇ ਝਾੜ ਵੀ ਘੱਟ ਜਾਂਦਾ ਹੈ ।

**ਪੱਤਾ ਰੰਗ ਚਾਰਟ ਵਰਤਣ ਦੀ ਵਿਧੀ :**

★ ਲੁਆਈ ਸਮੇਂ ਯੂਰੀਆ ਖਾਦ ਨਾ ਪਾਓ । ਪਨੀਰੀ ਲਾਉਣ ਤੋਂ 21 ਦਿਨ ਬਾਅਦ, 7 ਦਿਨਾਂ ਤੇ ਅੰਤਰ ਤੇ ਪੱਤਿਆਂ ਦਾ ਰੰਗ ਪੀ. ਏ. ਯੂ-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ ।

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 31**
**ਮਿਤੀ 03-08-2024**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।


Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਆਫਤ ਨਹੀਂ ਜੀਵਨ ਹੈ ਮੌਨਸੂਨ

**ਪੁਰਾਣੇ ਸਮੇਂ 'ਚ ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਨ ਦੀਆਂ ਕਈ ਪ੍ਰਣਾਲੀਆਂ ਵਿਕਸਤ ਸਨ।**

**ਪੰਕਜ ਚਤੁਰਵੇਦੀ**

ਮੌਨਸੂਨ ਦੇ ਆਉਣ ਦੇ ਨਾਲ ਹੀ ਦੇਸ਼ ਦੇ ਉਹ ਹਿੱਸੇ, ਜੋ ਕੁਝ ਦਿਨ ਪਹਿਲਾਂ ਪਾਣੀ ਲਈ ਤਰਸਦੇ ਸਨ, ਪਾਣੀ-ਪਾਣੀ ਹੋ ਗਏ। ਜਿਵੇਂ ਹੀ ਕੁਦਰਤ ਨੇ ਆਪਣਾ ਆਸ਼ੀਰਵਾਦ ਦਿੱਤਾ ਤੇ ਤਾਲਾਬ, ਨਦੀ, ਨਾਲੇ ਆਦਿ ਭਰ ਗਏ ਤਾਂ ਸਮਾਜ ਦਾ ਇਕ ਵਰਗ ਇਸ ਨੂੰ ਹੜ੍ਹ ਤੇ ਹਾਹਾਕਾਰ ਦਾ ਨਾਂ ਦੇਣ ਲੱਗਾ। ਅਸਲ'ਚ ਜਦ ਧਰਤੀ ਤਪ ਰਹੀ ਸੀ, ਤਦ ਸਮਾਜ ਨੂੰ ਆਪਣੇ ਆਲੇ-ਦੁਆਲੇ ਦੇ ਖੂਹ, ਤਾਲਾਬ, ਨਦੀ, ਨਾਲੇ ਸਾਫ ਕਰਨੇ ਚਾਹੀਦੇ ਹਨ। ਉਨ੍ਹਾਂ 'ਚ ਇਕੱਠੀ ਹੋਈ ਗੰਦਗੀ ਨੂੰ ਬਾਹਰ ਕੱਢਣਾ ਚਾਹੀਦਾ ਸੀ। ਪਰ ਅਜਿਹਾ ਹੋਇਆ ਨਹੀਂ।



ਇਸ ਲਈ ਜੋ ਪਾਣੀ ਪੂਰੇ ਸਾਲ ਲਈ ਧਰਤੀ ਨੂੰ ਜੀਵਨ ਦਿੰਦਾ ਹੈ, ਉਹ ਲੋਕਾਂ ਲਈ ਮੁਸੀਬਤ ਬਣ ਗਿਆ। ਇਹ ਗੱਲ ਸਮਝਣੀ ਪਵੇਗੀ ਕਿ ਨਦੀ, ਨਹਿਰ, ਤਾਲਾਬ ਆਦਿ ਪਾਣੀ ਦੇ ਸ੍ਰੋਤ ਨਹੀਂ ਹਨ। ਹਕੀਕਤ 'ਚ ਪਾਣੀ ਦਾ ਸ੍ਰੋਤ ਮੌਨਸੂਨ ਹੈ ਜਾਂ ਫਿਰ ਗਲੇਸ਼ੀਅਰ। ਤਾਲਾਬ ਤੇ ਨਦੀਆਂ ਆਦਿ ਤਾਂ ਉਸ ਨੂੰ ਇਕੱਠਾ ਕਰਨ ਦੇ ਸਥਾਨ ਹਨ। ਅਸੀਂ ਮੌਨਸੂਨ ਦੇ ਵਰਦਾਨ ਦਾ ਲਾਭ ਉਠਾਉਣ ਦੀ ਥਾਂ ਇਨ੍ਹਾਂ ਥਾਵਾਂ ਨੂੰ ਤਿਆਰ ਨਹੀਂ ਕਰਦੇ, ਇਸ ਲਈ ਹੜ੍ਹ ਆਉਂਦੇ ਹਨ। ਅੱਜ ਗੰਗਾ-ਯਮੁਨਾ ਵਰਗੀਆਂ ਨਦੀਆਂ ਤੋਂ ਇਲਾਵਾ ਛੋਟੀਆਂ ਨਦੀਆਂ ਦੇ ਕੰਢੇ ਵਸੇ ਪਿੰਡ-ਕਸਬੇ ਤੱਕ ਬਸ ਇਹੀ ਹਾਹਾਕਾਰ ਹੈ ਕਿ ਬਰਸਾਤ ਨੇ ਖੇਤਾਂ ਅਤੇ ਪਿੰਡਾਂ ਦਾ ਸਭ ਕੁਝ ਉਜਾੜ ਦਿੱਤਾ, ਪਰ ਮੌਨਸੂਨ ਦਾ ਵਿਦਾ ਹੋਣ ਤੋਂ ਬਾਅਦ ਇਨ੍ਹਾਂ ਸਾਰੇ ਇਲਾਕਿਆਂ 'ਚ ਪਾਣੀ ਦੀ ਇਕ-ਇਕ ਬੂੰਦ ਲਈ ਹਾਹਾਕਾਰ ਮਚੀ ਵੀ ਦੇਖੀ ਜਾਂਦੀ ਹੈ। ਅੱਤ ਦੀ ਗਰਮੀ 'ਚ ਸਾਰੇ ਲੋਕ ਮੌਨਸੂਨ ਨੂੰ ਉਡੀਕਦੇ ਹਨ ਤੇ ਮੌਨਸੂਨ ਦੀ ਇਕ ਬਰਸਾਤ ਤੋਂ ਬਾਅਦ ਹੀ ਉਹ ਪਾਣੀ ਦੀ ਸਹੀ ਵਿਵਸਥਾ ਨਾ ਹੋਣ ਕਾਰਨ ਦੁਖੀ ਹੋਣ ਲੱਗ ਜਾਂਦੇ ਹਨ। ਕੰਮ 'ਤੇ ਜਾਣ ਵਾਲਿਆਂ ਦਾ ਕੰਮ 'ਤੇ ਜਾਣਾ ਮੁਸ਼ਕਲ ਹੋ ਜਾਂਦਾ ਹੈ। ਆਵਾਜਾਈ ਠੱਪ ਹੋ ਜਾਂਦੀ ਹੈ। ਬੱਚਿਆਂ ਦਾ ਸਕੂਲ ਜਾਣਾ ਮੁਸ਼ਕਲ ਹੋ ਜਾਂਦਾ ਹੈ। ਇਹ ਸਭ ਸਹੀ ਵਿਵਸਥਾ ਨਾ ਹੋਣ ਕਾਰਨ ਹੀ ਹੁੰਦਾ ਹੈ। ਮੌਨਸੂਨ ਦੇ ਪਾਣੀ ਦਾ ਵਿਸਤਾਰ ਸਾਡੀ ਜ਼ਮੀਨ 'ਤੇ ਨਹੀਂ ਹੋਇਆ ਹੈ ਬਲਕਿ ਅਸੀਂ ਹੀ ਪਾਣੀ ਸਾਂਭਣ ਵਾਲੀਆਂ ਕੁਦਰਤੀ ਜ਼ਮੀਨਾਂ ਤੇ ਆਪਣਾ ਕਬਜ਼ਾ ਕਰ ਲਿਆ ਹੈ।

ਅਰਬੀ ਸ਼ਬਦ 'ਮੌਸਿਮ' ਦਾ ਅਰਥ ਹੁੰਦਾ ਹੈ ਕਿ ਮੌਸਮ ਤੇ ਇਸ ਤੋਂ ਬਣਿਆ ਮੌਨਸੂਨ। ਭਾਰਤ 'ਚ ਸਿਰਫ ਤਿੰਨ ਹੀ ਕਿਸਮ ਦੇ ਜਲਵਾਯੂ ਹਨ, ਮੌਨਸੂਨ, ਮੌਨਸੂਨ ਤੋਂ ਪਹਿਲਾਂ ਤੇ ਮੌਨਸੂਨ ਤੋਂ ਬਾਅਦ। ਤਦ ਹੀ ਭਾਰਤ ਦੀ ਜਲਵਾਯੂ ਨੂੰ ਮੌਨਸੂਨੀ ਜਲਵਾਯੂ ਕਿਹਾ ਜਾਂਦਾ ਹੈ। ਖੇਤੀ-ਹਰਿਆਵਲ ਤੇ ਪੂਰਾ ਸਾਲ ਪਾਣੀ ਦਾ ਜੁਗਾੜ ਇਸੇ ਬਰਸਾਤ 'ਤੇ ਨਿਰਭਰ ਹੈ। ਇਸ ਦੇ ਬਾਵਜੂਦ ਅਸੀਂ ਨਾ ਤਾਂ ਮੌਨਸੂਨ ਦੇ ਆਉਣ ਦੀ ਸਹੀ ਤਰੀਕੇ ਨਾਲ ਤਿਆਰੀ ਕਰਦੇ ਹਾਂ ਤੇ ਨਾ ਹੀ ਵਰ੍ਹਦੇ ਪਾਣੀ ਨੂੰ ਸਨਮਾਨ ਨਾਲ ਇਕੱਠਾ ਕਰਦੇ ਹਾਂ। ਭਾਰਤੀ ਮੌਨਸੂਨ ਮੁੱਖ ਤੌਰ 'ਤੇ ਗਰਮੀਆਂ ਦੌਰਾਨ ਹੋਣ ਵਾਲੀ ਵਾਤਾਵਰਨ ਤਬਦੀਲੀ ਨਾਲ ਸਬੰਧਤ ਹੈ। ਚਾਹੇ ਹੀ ਅਸੀਂ ਗਰਮੀ 'ਚ ਤਿਆਰੀ ਨਹੀਂ ਕੀਤੀ ਪਰ ਅਜੇ ਵੀ ਦੇਰ ਨਹੀਂ ਹੋਈ ਹੈ। ਧਰਤੀ 'ਤੇ ਇਨਸਾਨ ਦੀ ਹੋਂਦ ਬਣਾਈ ਰੱਖਣ ਲਈ ਪਾਣੀ ਜ਼ਰੂਰੀ ਹੈ ਤਾਂ ਪਾਣੀ ਨੂੰ ਬਚਾਈ ਰੱਖਣ ਲਈ ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਨਾ ਹੀ ਇੱਕੋ ਇਕ ਤਰੀਕਾ ਹੈ।

ਜੇ ਦੇਸ਼ ਦੀ ਸਿਰਫ ਪੰਜ ਫੀਸਦੀ ਜ਼ਮੀਨ 'ਤੇ ਪੰਜ ਮੀਟਰ ਔਸਤ ਗਹਿਰਾਈ 'ਚ ਬਾਰਿਸ਼ ਦੇ ਪਾਣੀ ਨੂੰ ਜਮ੍ਹਾਂ ਕੀਤਾ ਜਾਵੇ ਤਾਂ 500 ਲੱਖ ਹੈਕਟੇਰ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਤੀ ਵਿਅਕਤੀ ਔਸਤ 100 ਲੀਟਰ ਪਾਣੀ ਪੂਰਾ ਸਾਲ ਪੂਰੇ ਦੇਸ਼ 'ਚ ਦਿੱਤਾ ਜਾ ਸਕਦਾ ਹੈ। ਹਾਲਾਂਕਿ ਇਸ ਤਰ੍ਹਾਂ ਪਾਣੀ ਇਕੱਠਾ ਕਰਲ ਲਈ ਜ਼ਰੂਰੀ ਹੈ ਕਿ ਸਥਾਨਕ ਪੱਧਰ 'ਤੇ ਸਦੀਆਂ ਤੋਂ ਸਮਾਜ ਦੀ ਸੇਵਾ ਕਰਨ ਵਾਲੀਆਂ ਰਵਾਇਤੀ ਜਲ ਪ੍ਰਣਾਲੀਆਂ ਨੂੰ ਲੱਭਿਆ ਜਾਵੇ। ਉਨ੍ਹਾਂ ਨੂੰ ਸੰਚਾਲਿਤ ਕਰਨ ਵਾਲੇ ਸਮਾਜ ਨੂੰ ਸਨਮਾਨ ਦਿੱਤਾ ਜਾਵੇ। ਸਮਾਜ ਨੂੰ ਇਕ ਵਾਰ ਮੁੜ 'ਪਾਣੀਦਾਰ' ਬਣਾਇਆ ਜਾਵੇ। ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਨ੍ਹਾਂ ਰਵਾਇਤੀ ਪ੍ਰਣਾਲੀਆਂ ਨੂੰ ਅੱਜ ਦੇ ਇੰਜੀਨੀਅਰ ਸ਼ਾਇਦ ਸਵੀਕਾਰ ਹੀ ਨਾ ਸਕਣ। ਇਸ ਲਈ ਜ਼ਰੂਰੀ ਹੈ ਕਿ ਇਸ ਲਈ ਜ਼ਰੂਰੀ ਹੈ ਕਿ ਇਸ ਲਈ ਸਮਾਜ ਨੂੰ ਹੀ ਅੱਗੇ ਕੀਤਾ ਜਾਵੇ। ਯਾਦ ਰਹੇ ਕਿ ਸਾਡੇ ਵਡੇਰਿਆਂ ਨੇ ਹਾਲਾਤ ਮੁਤਾਬਕ ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰ ਕੇ ਰੱਖਣ ਦੀਆਂ ਕਈ ਪ੍ਰਣਾਲੀਆਂ ਵਿਕਸਤ ਕੀਤੀਆਂ ਸਨ, ਜਿਸ 'ਚ ਤਾਲਾਬ ਸਭ ਤੋਂ ਪ੍ਰਸਿੱਧ ਹਨ। ਘਰਾਂ ਦੀ ਲੋੜ ਭਾਵ ਪੀਣ ਯੋਗ ਪਾਣੀ ਅਤੇ ਖਾਣ ਬਣਾਉਣ ਲਈ ਮਿੱਠੇ ਪਾਣੀ ਦਾ ਸਾਧਨ ਖੂਹ ਕਦੀ ਹਰੇਕ ਘਰ ਵਿਚ ਹੋਇਆ ਕਰਦੇ ਸਨ। ਅਮੀਰ ਲੋਕ ਜਨਤਕ ਖੂਹ ਬਣਾਉਂਦੇ ਸਨ।

ਅਜੀਬ ਹੈ ਕਿ ਪੁਰਾਣੇ ਸਮਿਆਂ 'ਚ ਪਾਣੀ ਦੀ ਕੋਈ ਕਮੀ ਨਹੀਂ ਸੀ ਫਿਰ ਵੀ ਲੋਕਾਂ ਵੱਲੋਂ ਪਾਣੀ ਨੂੰ ਸਾਂਭਣ ਦੇ ਅਨੇਕਾਂ ਉਪਰਾਲੇ ਕੀਤੇ ਗਏ ਸਨ। ਪਰ ਹੁਣ ਜਦੋਂ ਕਿ ਸਾਰਿਆਂ ਦੇ ਸਾਹਮਣੇ ਹੈ ਕਿ ਅਨੇਕਾਂ ਸ਼ਹਿਰਾਂ ਵਿਚ ਅਕਸਰ ਪਾਣੀ ਦੀ ਕਮੀ ਪਾਈ ਜਾਂਦੀ ਹੈ ਤਾਂ ਇਸ ਵੱਲ ਨਾ ਤਾਂ ਲੋਕ ਤੇ ਨਾ ਹੀ ਸਰਕਾਰਾਂ ਧਿਆਨ ਦੇ ਰਹੀਆਂ ਹਨ।

ਤੇਜ਼ ਢਾਲ 'ਤੇ ਤੇਜ਼ ਰਫਤਾਰ ਨਾਲ ਪਾਣੀ ਦੇ ਵਹਿਣ ਵਾਲੀ ਜ਼ਮੀਨ ਵਿਚ ਪਾਣੀ ਦੀ ਧਾਰਾ ਨੂੰ ਕੱਟ ਕੇ ਰੋਕਣ ਦੀ ਤਕਨੀਕ 'ਪਾਟ' ਪਹਾੜੀ ਖੇਤਰਾਂ ਵਿਚ ਬਹੁਤ ਪ੍ਰਸਿੱਧ ਰਹੀ ਹੈ। ਨਹਿਰ ਜਾਂ ਨਾਲੇ ਰਾਹੀਂ ਕਿਸੇ ਪੱਕੇ ਬੰਨ੍ਹ ਤੱਕ ਪਾਣੀ ਲਿਜਾਣ ਦੀ ਤਕਨੀਕ 'ਨਾੜਾ ਜਾਂ ਬੰਧਾ' ਹੁਣ ਦੇਖਣ ਨੂੰ ਨਹੀਂ ਮਿਲ ਰਹੀ। ਤਾਲਾਬ ਸਿਰਫ ਪਾਣੀ ਦੀ ਸਾਂਭ-ਸੰਭਾਲ ਦੇ ਸਾਧਨ ਨਹੀਂ, ਬਲਕਿ ਸਾਡੀ ਕਲਾ ਦਾ ਬਿਹਤਰੀਨ ਨਮੂਨਾ ਰਹੇ ਹਨ। ਅੱਜ ਅਜਿਹੀਆਂ ਹੀ ਰਵਾਇਤੀ ਪ੍ਰਣਾਲੀਆਂ ਨੂੰ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਦੇ ਆਲੇ ਦੁਆਲੇ ਸਫਾਈ ਅਤੇ ਉਨ੍ਹਾਂ ਵਿਚ ਭਰਨ ਵਾਲੇ ਪਾਣੀ ਨੂੰ ਬਾਹਰਲੇ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ ਹੈ ਤੇ ਉਹ ਵੀ ਸਥਾਨਕ ਸਮਾਜ ਵੱਲੋਂ। ਇਹੀ ਨਹੀਂ, ਸ਼ਹਿਰਾਂ ਅਤੇ ਕਸਬਿਆਂ 'ਚ ਵੀ ਕੁਝ ਦਿਨ ਬਰਸਾਤੀ ਨਾਲੇ 'ਚ ਜਾ ਰਹੇ ਪਾਣੀ ਨੂੰ ਇਕੱਠਾ ਕੀਤਾ ਜਾ ਸਕਦਾ ਹੈ। ਇਹ ਪਾਣੀ ਵੱਧ ਤੋਂ ਵੱਧ ਇਕ ਹਫਤੇ 'ਚ ਧਰਤੀ ਵੱਲੋਂ ਸੋਖ ਲਿਆ ਜਾਂਦਾ ਹੈ। ਅਜਿਹੀ ਨਮ ਜ਼ਮੀਨ 'ਤੇ ਅੱਗੇ ਜਾ ਕੇ ਚੰਗਾ ਘਾਹ ਵੀ ਉੱਗੇਗਾ। ਇਸ ਤਰ੍ਹਾਂ ਬਰਸਾਤ



ਦੇ ਪਾਣੀ ਨੂੰ ਸੰਭਾਲ ਕੇ ਰੱਖਣ ਵਿਚ ਸਥਾਨਕ ਲੋਕਾਂ ਦੀ ਜ਼ਿੰਮੇਵਾਰੀ, ਭੂਮਿਕਾ ਅਤੇ ਜਾਗਰੂਕਤਾ ਤਾਂ ਵਧੇਗੀ ਹੀ, ਇਸ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਰਿਚਾਰਜ ਵੀ ਕੀਤਾ ਜਾ ਸਕੇਗਾ, ਜੋ ਖੇਤਾਂ ਅਤੇ ਕਾਰਖਾਨਿਆਂ 'ਚ ਪਾਣੀ ਦੀ ਪੂਰਤੀ ਨੂੰ ਯਕੀਨੀ ਬਣਾਏਗਾ। ਮੌਨਸੂਨ ਦਾ ਜੀਵਨ ਲਈ ਜ਼ਰੂਰੀ ਤੱਤ ਵਾਂਗ ਆਨੰਦ ਲਵੋ। ਜਿੱਥੇ ਥਾਂ ਮਿਲੇ, ਬਰਸਾਤ ਦੇ ਪਾਣੀ ਨੂੰ ਰੋਕੋ ਅਤੇ ਉਸ ਨੂੰ ਧਰਤੀ 'ਚ ਜਾਣ ਦਿਓ।

*ਲੇਖਕ ਵਾਤਾਵਨ ਮਾਮਲਿਆਂ ਦੇ ਜਾਣਕਾਰ ਹਨ।*

# ਝੋਨੇ ਵਿਚ ਬੂਟੇ ਮਧਰੇ ਰਹਿਣ ਦੇ ਕਾਰਨ ਅਤੇ ਇਲਾਜ

**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਾਇੰਸਦਾਨਾਂ ਵੱਲੋਂ ਇਨ੍ਹਾਂ ਦਿਨ੍ਹਾਂ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ (ਮੁਹਾਲੀ, ਰੋਪੜ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਸੰਗਰੂਰ) ਦਾ ਸਰਵੇਖਣ ਕੀਤਾ ਜਾ ਰਿਹਾ ਹੈ । ਇਸ ਸਰਵੇਖਣ ਦੌਰਾਨ ਝੋਨੇ ਦੇ ਖੇਤਾਂ ਵਿਚ ਕਿਤੇ-ਕਿਤੇ ਮਧਰੇ ਬੂਟੇ ਦੇਖੇ ਗਏ ਹਨ, ਜਿਸ ਦੇ ਕਈ ਕਾਰਨ ਹੋ ਸਕਦੇ ਹਨ ।**

★ **ਚਿੱਟੀ ਪਿੱਠ ਵਾਲਾ ਟਿੱਡਾ** : ਝੋਨੇ ਦੇ ਬੂਟਿਆਂ ਦਾ ਮਧਰਾ ਰਹਿ ਜਾਣਾ ਇਕ ਨਵਾਂ ਰੋਗ ਹੈ, ਜੋ ਕਿ ਪਹਿਲੀ ਵਾਰ 2022 ਵਿਚ ਵੇਖਿਆ ਗਿਆ ਸੀ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਵੱਲੋਂ ਇਸ ਰੋਗ ਦੇ ਕਾਰਨ ਦੀ ਪਹਿਚਾਣ, ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ ਵਾਇਰਸ ਵਜੋਂ ਕੀਤੀ ਗਈ । ਇਹ ਰੋਗ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ । ਇਸ ਰੋਗ ਤੋਂ ਪ੍ਰਭਾਵਿਤ ਬੂਟੇ ਮਧਰੇ, ਉਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ ।

**ਮਨਦੀਪ ਹੂੰਜਣ, ਕਮਲਦੀਪ ਸਿੰਘ ਸੂਰੀ ਅਤੇ ਅਮਰਜੀਤ ਸਿੰਘ**

ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ । ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ । ਕਿਸਾਨ ਵੀਰ ਆਪਣੇ ਖੇਤਾਂ ਦੇ ਵੱਟਾਂ ਬੰਨਿਆਂ ਅਤੇ ਪਾਣੀ ਵਾਲੀਆਂ ਖਾਲ੍ਹਾਂ ਨੂੰ ਨਦੀਨਾਂ ਤੋਂ ਮੁਕਤ ਰੱਖਣ ਅਤੇ ਇਸ ਰੋਗ ਨਾਲ ਪ੍ਰਭਾਵਿਤ ਬੂਟਿਆਂ ਨੂੰ ਸ਼ੁਰੂ ਵਿਚ ਹੀ ਪੁੱਟ ਕੇ ਡੂੰਘਾ ਦੱਬ ਦੇਣ ।

★ ਜੇਕਰ ਚਿੱਟੀ ਪਿੱਠ ਵਾਲੇ ਟਿੱਡੇ ਦਾ ਹਮਲਾ ਨਜ਼ਰ ਆਵੇ ਤਾਂ ਇਸ ਦੀ ਰੋਕਥਾਮ ਲਈ ਕਿਸੇ ਵੀ ਇਕ ਕੀਟਨਾਸ਼ਕ ਜਿਵੇਂ ਕਿ 94 ਮਿ.ਲਿ. ਪੈਕਸਾਲੋਨ 10 ਐਸ ਸੀ ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮੀਨੇਂਟ 20 ਐਸ ਜੀ ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 400 ਮਿ.ਲਿ. ਆਰਕੈਸਟਰਾ 10 ਐਸ ਸੀ ਜਾਂ 300 ਮਿ.ਲਿ. ਇਮੇਜਿਨ 10 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ । ਸੁਚੱਜੀ ਰੋਕਥਾਮ ਲਈ ਲਈ ਪਿੱਠੂ ਪੰਪ ਅਤੇ ਕੋਨ ਵਾਲੀ ਨੋਜ਼ਲ ਦਾ ਇਸਤੇਮਾਲ ਕਰੋ ।



★ **ਜ਼ਿੰਕ ਦੀ ਘਾਟ** : ਇਸ ਤੋਂ ਇਲਾਵਾ ਝੋਨੇ ਦੇ ਕਈ ਖੇਤਾਂ ਵਿਚ ਜ਼ਿੰਕ ਦੀ ਘਾਟ ਵੇਖੀ ਗਈ ਹੈ, ਜਿਸ ਨਾਲ ਪ੍ਰਭਾਵਿਤ ਬੂਟੇ ਵੀ ਛੋਟੇ ਦਿਖਾਈ ਦਿੰਦੇ ਹਨ । ਅਜਿਹੇ ਬੂਟਿਆਂ ਦੀ ਜਾਂਚ-ਪੜਤਾਲ ਕਰਵਾ ਕੇ ਜ਼ਿੰਕ ਦੀ ਘਾਟ ਨੂੰ ਪੂਰਾ ਕਰੋ ।

★ **ਖੇਤਾਂ ਵਿਚ ਪਾਣੀ ਦਾ ਖੜ੍ਹਨਾ** : ਕਈ ਖੇਤਾਂ ਵਿਚ ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਰਹਿਣ ਕਰਕੇ ਟਾਂਵੇ-ਟਾਂਵੇਂ ਬੂਟਿਆਂ ਦਾ ਵਾਧਾ ਰੁਕਿਆ ਹੋਇਆ ਨਜ਼ਰ ਆਉਂਦਾ ਹੈ ਅਤੇ ਇਨ੍ਹਾਂ ਬੂਟਿਆਂ ਦੀਆਂ ਜੜ੍ਹਾਂ ਕਾਲੀਆਂ ਦਿਖਾਈ ਦਿੰਦੀਆਂ ਹਨ । ਅਜਿਹੇ ਖੇਤਾਂ ਵਿੱਚੋਂ ਪਾਣੀ ਸੁਕਾ ਕੇ ਹਵਾ ਲਵਾਓ ਤਾਂ ਕਿ ਇਹ ਬੂਟੇ ਚੱਲ ਪੈਣ ।

ਕਿਸਾਨ ਵੀਰੋ ! ਇਨੀ ਦਿਨੀਂ ਆਪਣੇ ਖੇਤਾਂ ਦਾ ਸਰਵੇਖਣ ਕਰੋ ਅਤੇ ਇਸ ਤਰ੍ਹਾਂ ਦੀ ਅਲਾਮਤ ਨਜ਼ਰ ਆਉਣ ਤੇ ਆਪਣੇ ਨੇੜੇ ਦੇ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕਰੋ ।

# ਖੇਤਾਂ ਵਿਚ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ

★ ਮੈਦਾਨੀ ਇਲਾਕਿਆਂ ਵਿਚ ਵਾਹੀ ਉਪਰੰਤ ਖੇਤ ਵਿਚ ਲੋੜ ਮੁਤਾਬਿਕ ਕਿਆਰੇ ਪਾਓ ਤਾਂ ਜੋ ਮੀਂਹ ਦਾ ਪਾਣੀ ਕਿਆਰਿਆਂ ਵਿਚ ਇਕੱਠਾ ਹੋ ਸਕੇ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਦੇ ਮੁਕਾਬਲੇ ਹਲਕੀਆਂ ਜ਼ਮੀਨਾਂ ਵਿਚ ਪ੍ਰਤੀ ਏਕੜ ਜ਼ਿਆਦਾ ਕਿਆਰੇ ਪਾਉਣ ਨਾਲ ਪਾਣੀ ਫਸਲ ਦੇ ਜੜ੍ਹ-ਖੇਤਰ ਵਿਚ ਹੀ ਸੰਭਾਲਿਆ ਜਾ ਸਕਦਾ ਹੈ । ਇਸੇ ਤਰ੍ਹਾਂ, ਢਲਾਨਾਂ ਵਾਲੇ ਖੇਤਾਂ ਵਿਚ ਵੀ ਛੋਟੇ ਕਿਆਰੇ ਪਾਉਣੇ ਚਾਹੀਦੇ ਹਨ, ਨਹੀਂ ਤਾਂ ਮੀਂਹ ਦਾ ਪਾਣੀ ਇਕ ਪਾਸੇ ਇਕੱਠਾ ਹੋਣ ਕਰਕੇ ਵੱਟਾਂ ਟੁੱਟਣ ਦਾ ਖਤਰਾ ਬਣ ਜਾਂਦਾ ਹੈ ।

★ ਕਿਆਰੇ ਪਾਉਣ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵੱਟਾਂ ਉੱਚੀਆਂ ਹੋਣ ਜਿਹੜੀਆਂ ਪਾਣੀ ਦੇ ਤੇਜ਼ ਵਹਾਅ ਨੂੰ ਕਾਬੂ ਕਰ ਸਕਣ ।



★ ਕੰਢੀ ਇਲਾਕੇ ਵਿਚ ਜ਼ਿਆਦਾ ਉੱਚੀਆ ਨੀਵੀਂਆਂ ਥਾਵਾਂ ਨੂੰ ਪੱਧਰ ਕਰਕੇ ਪਾਣੀ ਦੇ ਯੋਗ ਨਿਕਾਸ ਲਈ ਖਾਲ ਜਾਂ ਪਾਈਪਾਂ ਦਾ ਪ੍ਰਬੰਧ ਕਰ ਲਉ, ਤਾਂ ਜੋ ਮੀਂਹ ਦਾ ਪਾਣੀ ਸੁਰੱਖਿਅਤ ਥਾਂ ਤੇ ਇਕੱਠਾ ਕੀਤਾ ਜਾ ਸਕੇ । ਜ਼ਿਆਦਾ ਲੰਬੀਆਂ ਢਲਾਨਾਂ ਵਾਲੇ ਖੇਤਾਂ ਦੀ ਥੜ੍ਹਾਬੰਦੀ ਕਰਕੇ, ਪੌੜੀਨੁਮਾ ਖੇਤੀ ਕਰਕੇ ਮੀਂਹ ਦਾ ਪਾਣੀ ਸੰਭਾਲਿਆ ਜਾ ਸਕਦਾ ਹੈ । ਇਸ ਨਾਲ ਭੋਂ-ਖੋਰ ਵੀ ਨਹੀਂ ਹੁੰਦਾ ਤੇ ਜ਼ਮੀਨੀ ਪਾਣੀ ਦੀ ਭਰਪਾਈ ਵੀ ਹੋ ਸਕੇਗੀ ।

★ ਝੋਨੇ ਦੇ ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀਂ । ਲੁਆਈ ਦੇ ਦੋ ਹਫਤਿਆਂ ਪਿੱਛੋਂ ਪਾਣੀ ਉਸ ਵੇਲੇ ਦਿਉ ਜਦੋਂ ਖੇਤ ਵਿਚਲਾ ਪਹਿਲਾ ਪਾਣੀ ਜਾਂ ਮੀਂਹ ਦਾ ਪਾਣੀ ਜਜ਼ਬ ਹੋ ਜਾਵੇ ਅਤੇ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ । ਪਰ ਇਸ ਗੱਲ ਦਾ ਵੀ ਧਿਆਨ ਰੱਖੋ, ਕਿ ਜ਼ਮੀਨ ਵਿੱਚ ਤ੍ਰੇੜਾਂ ਨਾ ਪੈਣ ।

★ ਮੱਕੀ ਬੀਜਣ ਦੇ ਸ਼ੁਰੂਆਤੀ ਦਿਨਾਂ ਵਿਚ ਬਰਸਾਤੀ ਪਾਣੀ ਵੱਧ ਨੁਕਸਾਨ ਕਰਦਾ ਹੈ । ਇਸ ਲਈ ਮੱਕੀ ਦੀ ਉਤਪਾਦਕਤਾ ਵਧਾਉਣ ਲਈ ਖੇਤ ਵਿੱਚੋਂ ਪਾਣੀ ਖੇਤ ਦੇ ਨੀਵੇਂ ਪਾਸੇ ਵੱਲ ਇਕੱਠਾ ਕਰਕੇ ਨਿਕਾਸ ਕਰ ਦਿਓ । ਵਧੇਰੇ ਨੁਕਸਾਨ ਹੋਣ ਦੀ ਸੂਰਤ ਵਿਚ ਖੇਤ ਵਿੱਚੋਂ ਪਾਣੀ ਦੇ ਨਿਕਾਸ ਤੋਂ ਨਿਕਾਸ ਤੋਂ ਬਾਅਦ 25-50 ਕਿੱਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ ।


★ ਜਵਾਰ, ਬਾਜਰਾ ਤੇ ਦਾਲਾਂ ਵਾਲੀਆਂ ਫਸਲਾਂ ਵਿੱਚੋਂ ਪਾਣੀ ਦਾ ਨਿਕਾਸ, ਪਾਣੀ ਵਾਲੀ ਨਿਕਾਸ ਨਲੀ ਬਣਾਕੇ ਕਰਨਾ ਲਾਹੇਵੰਦ ਹੁੰਦਾ ਹੈ ।

**ਸਤਪਾਲ ਸਿੰਘ ਅਤੇ ਅਮਿਤ ਸਲਾਰੀਆ, ਫਸਲ ਵਿਗਿਆਨ ਵਿਭਾਗ,**
**ਪੀ. ਏ. ਯੂ., ਲੁਧਿਆਣਾ (ਮੋ. 81463-55533)**




# ਪੰਜਾਬੀ ਵਿਰਸੇ ਨੂੰ ਸੰਭਾਲਣ ਵਾਲਾ ਡਾ. ਮਹਿੰਦਰ ਸਿੰਘ ਰੰਧਾਵਾ

ਪੰਜਾਬੀ ਮਿਹਨਤੀ, ਹਿੰਮਤੀ ਅਤੇ ਖਤਰੇ ਸਹੇੜਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉੱਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ। ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਵੀ ਪੰਜਾਬੀਆਂ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਦੇਸ਼ ਦੀ ਅਜਾਦੀ ਸਮੇਂ ਪੰਜਾਬ ਦੀ ਵੰਡ ਹੋਈ ਤੇ ਪੰਜਾਬੀਆਂ ਨੇ ਭਿਆਨਕ ਸੰਤਾਪ ਭੋਗਿਆ। ਪਾਕਿਸਤਾਨ ਵਾਲੇ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿੱਖ ਦੀ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛਡ ਕੇ ਜਾਣਾ ਪਿਆ। ਲੱਖਾਂ ਲੋਕ ਮਾਰੇ ਗਏ। ਔਰਤਾਂ ਦੀ ਇੱਜਤ ਲੁੱਟੀ ਗਈ ਤੇ ਸਭੋ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ। ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ। ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿਚ ਪੰਜਾਬੀਆਂ ਦੇਸ਼ ਦੀ ਅਗਵਾਈ ਕੀਤੀ। ਜਿਥੇ ਉਹ ਲੋੜ ਪੈਣ ਉੱਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉੱਥੇ ਭੁੱਖਮਰੀ ਨਾਲ ਜੂਠ ਰਹੇ ਦੇਸ਼ ਵਿਚ ਅਨਾਜ ਦੇ ਢੇਰ ਲਗਾ ਦਿੱਤੇ। ਜਿਸ ਨੂੰ ਹਰਾ ਇਨਕਲਾਬ ਆਖਿਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿਚ ਖੁਸ਼ਹਾਲੀ ਆਈ। ਪਰੰਤੂ ਖੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਆਈ ਖੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵਲ ਖਿੱਚਿਆ। ਟ੍ਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸਾਹਿਤ ਕੀਤਾ। ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਕਾਮੇ ਆਉਣ ਲਗੇ। ਪਹਿਲਾਂ ਉਹ ਫਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ ਮੁੜ ਉਹ ਟੱਬਰਾਂ ਸਮੇਤ ਆ ਕੇ ਇੱਥੇ ਹੀ ਰਹਿਣ ਲਗ ਪਏ। ਉਨ੍ਹਾਂ ਦੇ ਬੱਚਿਆਂ, ਦੁਕਾਨਾਂ ਅਤੇ ਦਫਤਰਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ। ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ। ਸ਼ਹਿਰਾਂ ਦੇ ਬਹੁਤੇ ਘਰਾਂ ਵਿਚ ਰੋਟੀ ਵੀ ਇਹ ਲੋਕ ਹੀ ਪਕਾਉਣ ਲਗ ਪਏ ਹਨ। ਇੰਝ ਪੰਜਾਬੀ ਹੌਲੀ ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ। ਤਕਨੀਕੀ ਕੰਮ ਜਿਵੇਂ ਕਿ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਸਤਰੀ ਆਦਿ ਕੰਮ ਵੀ ਹੌਲੀ ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ। ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਅਲੋਪ ਹੋ ਗਏ ਹਨ। ਵਿਦਿਆ ਦੇ ਵਿਉਪਾਰੀਆਂ ਨੇ ਥਾਂ ਥਾਂ ਅੰਗ੍ਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲਗ ਪਏ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ, ਆਪਣੇ ਸਭਿਆਚਾਰ ਅਤੇ ਆਪਣੇ ਰਸਮੋਂ ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਜਾਰ ਕਪੜਿਆਂ, ਬਿਜਲੀ ਉਪਕਰਨਾਂ ਫਰਨੀਚਰ ਆਦਿ ਨਾਲ ਭਰ ਗਏ। ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲਗ ਗਈਆਂ। ਘਰਾਂ ਵਿਚ ਚੱਕੀ, ਚੁੱਲ੍ਹੇ ਚਰਖੇ, ਖਰੋਸ਼ੀਏ, ਸਲਾਈਆਂ ਆਦਿ ਅਲੋਪ ਹੋ ਗਈਆਂ। ਮੰਜੇ, ਪੀਹੜੀਆਂ, ਮੂੜੇ, ਦਰੀਆਂ, ਫੁਲਕਾਰੀਆਂ, ਛਿੱਕੂ, ਗੱਡੀਆਂ ਪਟੋਲੇ ਸਭੋ ਕੁਝ ਬੀਤੇ ਦੀਆਂ ਕਹਾਣੀਆਂ



ਤਕ ਹੀ ਸੀਮਤ ਹੋ ਗਏ। ਆਪਸੀ ਭਾਈਚਾਰਾ, ਰਹਿਣ ਸਹਿਣ, ਰਸਮੋ ਰਿਵਾਜ ਸਭੋ ਕੁਝ ਬਦਲ ਗਿਆ। ਜਿਸ ਤੇਜ਼ੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜ਼ੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜ਼ੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿਚ ਕਿਤੇ ਵੀ ਨਹੀਂ ਸੀ ਆਈ। ਨਵੀਂ ਪੀੜ੍ਹੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜੇਹਾ ਵੀ ਕਦੇ ਹੁੰਦਾ ਸੀ।

ਅਫਸੋਸ ਇਸ ਗੱਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ ਸੰਭਾਲ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪ ਮੁਹਾਰਾ ਹੋ ਗਿਆ। ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਪਿਆਰਿਆਂ ਨੇ ਆਪੋ ਆਪਣੀ ਪੱਧਰ ਉੱਤੇ ਪੰਜਾਬੀ ਵਿਰਸੇ ਦੀ ਸਾਂਭ ਸੰਭਾਲ ਦੇ ਯਤਨ ਕੀਤੇ ਹਨ। ਇਨ੍ਹਾਂ ਵਿਚ ਸਭ ਤੋਂ ਉੱਤੇ ਨਾਮ ਡਾ. ਮਹਿੰਦਰ ਸਿੰਘ ਰੰਧਾਵਾ ਦਾ ਆਉਂਦਾ ਹੈ। ਉਨ੍ਹਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਇਕ ਅਜਾਇਬ ਘਰ ਦੀ ਉਸਾਰੀ ਕਰਵਾਈ ਜਿਸ ਵਿਚ ਪੁਰਾਣੇ ਪੰਜਾਬ ਦੀ ਇਕ ਝਲਕ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਪੰਜਾਬ ਦੇ ਲੋਕਗੀਤ ਇਕੱਠੇ ਕਰਵਾਏ, ਲੋਕ ਕਲਾਵਾਂ ਤੇ ਕਲਾਕਾਰਾਂ ਨੂੰ ਉਤਸਾਹਿਤ ਕੀਤਾ। ਪੰਜਾਬ ਦਾ ਮਾਣ ਚੂਪਣ ਵਾਲੇ ਅੰਬਾਂ ਦੀਆਂ ਕਿਸਮਾਂ ਇਕੱਠੀਆਂ ਕਰਕੇ ਇਨ੍ਹਾਂ ਨੂੰ ਅਲੋਪ ਹੋਣ ਤੋਂ ਬਚਾਇਆ। ਰਵਾਇਤੀ ਰੁੱਖਾਂ ਤੇ ਫਲਾਂ ਵਾਲੇ ਬੂਟਿਆਂ ਦੀ ਸੰਭਾਲ ਕੀਤੀ।

ਆਪ ਜੀ ਨੂੰ ਪਤਾ ਲੱਗਿਆ ਕਿ ਕਾਂਗੜਾ ਜ਼ਿਲ੍ਹੇ ਵਿਚ ਚਿੱਤਰਾਂ ਦਾ ਅਥਾਹ ਭੰਡਾਰ ਹੈ। ਇਨ੍ਹਾਂ ਨੇ ਕਾਂਗੜਾ ਜ਼ਿਲ੍ਹੇ ਦੇ ਪਿੰਡਾਂ ਵਿਚ ਜਾ ਕੇ ਮੰਦਰਾਂ, ਮਹਿਲਾਂ, ਰਾਜਿਆਂ ਤੇ ਹੋਰ ਵਿਅਕਤੀਆਂ ਪਾਸੋਂ ਇਨ੍ਹਾਂ ਚਿੱਤਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਤੇ ਇਕ ਸੁੰਦਰ ਕਿਤਾਬ ਲਿਖੀ। ਇਸੇ ਤਰ੍ਹਾਂ ਇਨ੍ਹਾਂ ਨੇ ਅਲੋਪ ਹੋ ਰਹੇ ਲੋਕਗੀਤਾਂ ਨੂੰ ਇਕੱਠਿਆਂ ਕਰਵਾਇਆ ਤੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ। ਪੰਜਾਬ ਦੇ ਰਵਾਇਤੀ ਰੁੱਖਾਂ ਨੂੰ ਸੜਕਾਂ ਦੇ ਕੰਢੇ ਲਗਵਾਇਆ। ਫੁੱਲਾਂ ਵਾਲੇ ਰੁੱਖਾਂ ਦੇ ਨਾਵਾਂ ਨਾਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਸੜਕਾਂ ਨੂੰ ਸ਼ਿੰਗਾਰਿਆ ਤੇ ਸੜਕਾਂ ਦੇ ਨਾਮ ਵੀ ਇਨ੍ਹਾਂ ਰੁੱਖਾਂ ਵਾਲੇ ਰੱਖੇ।

ਇੰਝ ਉਨ੍ਹਾਂ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਵਿਚ ਅਹਿਮ ਯੋਗਦਾਨ ਪਾਇਆ। ਪੰਜਾਬ ਦੇ ਚਿੱਤਰਕਾਰਾਂ ਨੂੰ ਉਤਸਾਹਿਤ ਕੀਤਾ। ਉਨ੍ਹਾਂ ਦੇ ਚਿੱਤਰ ਖਰੀਦੇ ਜਿਨ੍ਹਾਂ ਨੂੰ ਦਫਤਰਾਂ, ਸਕੂਲਾਂ, ਕਾਲਜਾਂ ਵਿਚ ਲਗਵਾਇਆ। ਇੰਝ ਚਿੱਤਰਕਾਰਾਂ ਦੀ ਮਾਲੀ ਸਹਾਇਤਾ ਵੀ ਹੋ ਗਈ ਅਤੇ ਉਹ ਪੰਜਾਬ ਦੇ ਅਲੋਪ ਹੋ ਰਹੇ ਵਿਰਸੇ ਨੂੰ ਚਿਤਰਣ ਲਈ ਹੋਰ ਉਤਸਾਹਿਤ ਹੋਏ। ਵਿਦਵਾਨਾਂ ਪਾਸੋਂ ਪੰਜਾਬ ਦੇ ਵਿਰਸੇ ਦੇ ਵੱਖ ਵੱਖਰੇ ਪੱਖਾਂ ਨੂੰ ਦਰਸਾਉਂਦੇ ਲੇਖ ਲਿਖਵਾਏ ਅਤੇ ਇਕ ਸੁੰਦਰ ਪੁਸਤਕ ਪ੍ਰਕਾਸ਼ਿਤ ਕੀਤੀ। ਰੰਧਾਵਾ ਸਾਹਿਬ ਨੇ ਪੰਜਾਬ ਦੀ ਸੱਭਿਅਤਾ ਤੇ ਸੱਭਿਆਚਾਰ ਦੀ ਪਹਿਰੇਦਾਰੀ ਕੀਤੀ। ਜੇਕਰ ਉਸ ਨੇ ਅਜਿਹਾ ਨਾ ਕੀਤਾ ਹੁੰਦਾ ਤਾਂ ਸਾਥੋਂ ਪਿਛਲੀ ਪੀੜ੍ਹੀ ਨੂੰ ਇਹ ਦੱਸਣਾ ਤੇ ਮਨਾਉਣਾ ਔਖਾ ਹੀ ਨਹੀਂ ਨਾਮੁਮਕਿਨ ਹੋ ਜਾਂਦਾ ਕਿ ਸਾਡੇ ਵੇਲੇ ਪੰਜਾਬ ਕਿਹੋ ਜਿਹਾ ਸੀ। ਸਦੀਆਂ ਤੋਂ ਚੱਲੀ ਆ ਰਹੀ ਜੀਵਨ ਸ਼ੈਲੀ, ਰਸਮੋ ਰਿਵਾਸ, ਕੰਮਕਾਰੀ ਢੰਗ, ਰਹਿਣ-ਸਹਿਣ, ਖਾਣ-ਪਹਿਨਣ ਜਿਹੜੀ ਕੇਵਲ ਤਿੰਨ ਕੁ ਦਹਾਕਿਆਂ ਵਿਚ ਹੀ ਅਲੋਪ ਹੋ ਗਈ ਉਹ ਕਿਹੋ ਜਿਹੀ ਸੀ।

ਪੰਜਾਬ ਦੇ ਲੋਕਗੀਤ ਤੇ ਲੋਕ ਕਹਾਣੀਆਂ ਉੱਤੇ ਕੰਮ ਕਰਨ ਵਾਲੇ ਪ੍ਰਸਿੱਧ ਲੇਖਕ ਵਣਜਾਰਾ ਬੇਦੀ ਲਿਖਦੇ ਹਨ, ਜਦੋਂ ਡਾ. ਰੰਧਾਵਾ ਨੇ ਲੋਕਸਾਹਿਤ ਦੇ ਇਕੱਤਰੀਕਰਣ ਦਾ ਕਾਰਜ ਆਰੰਭਿਆ ਤਾਂ ਉਦੋਂ ਤਕ ਲੋਕ ਸਾਹਿਤ ਸੰਗ੍ਰਹਿਣ ਦਾ ਕਾਰਜ ਆਪਣੇ ਮੁੱਢਲੇ ਦੌਰ ਵਿਚ ਹੀ ਸੀ। ਡਾ. ਰੰਧਾਵਾ ਦੇ ਲੋਕ ਗੀਤ ਦੀ ਸਮੱਗਰੀ ਵਲ ਧਿਆਨ ਦੇਣ ਤੋਂ ਪਹਿਲਾਂ ਇਹ ਕੰਮ ਕੇਵਲ ਨੀਂਹ ਦੀ ਖੁਦਾਈ ਤਕ ਹੀ ਸੀਮਤ ਸੀ ਪਰ ਰੰਧਾਵਾ ਨੇ ਅਣਥੱਕ ਮਿਹਨਤ ਤੇ ਲਗਨ ਨਾਲ ਇਨ੍ਹਾਂ ਨੀਂਹਾਂ ਉੱਤੇ ਇਕ ਮਹਿਲ ਖੜ੍ਹਾ ਕਰ ਦਿੱਤਾ ਤੇ ਅੱਜ ਅਸੀਂ ਆਪਣੇ ਲੋਕ ਗੀਤਾਂ ਦੇ ਅਥਾਹ ਬੋਲਾਂ ਉੱਤੇ ਮਾਣ ਕਰਨ ਜੋਗੇ ਹੋ ਗਏ ਹਾਂ। ਪੰਜਾਬ ਦੇ ਲੋਕ ਨਾਚ ਭੰਗੜਾ ਅਤੇ ਗਿੱਧਾ ਨੂੰ ਜੀਉਂਦਿਆਂ ਰੱਖਣ ਵਿਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ। ਭੰਗੜਾ ਪੱਛਮੀ ਪੰਜਾਬ ਤੋਂ ਇਸ ਪਾਸੇ ਆਇਆ। ਕਮਿਊ ਨਿਟੀ ਡਿਵੈਲਪਮੈਂਟ ਸਕੀਮ ਵਿਚ ਉਨ੍ਹਾਂ ਭੰਗੜੇ ਦੇ ਮਾਹਿਰਾਂ ਨੂੰ ਬਤੌਰ ਸਮਾਜਿਤ ਵਿਦਿਅਕ ਅਫਸਰ ਭਰਤੀ ਕੀਤਾ। ਭੰਗੜੇ ਦੀਆਂ ਟੀਮਾਂ ਬਣਾਈਆਂ ਗਈਆਂ। ਇਨ੍ਹਾਂ ਨੇ ਸਕੂਲਾਂ ਕਾਲਜਾਂ ਵਿਚ ਜਾ ਕੇ ਮੁੰਡਿਆਂ ਦੀਆਂ ਭੰਗੜਾ ਟੀਮਾਂ ਅਤੇ ਕੁੜੀਆਂ ਦੀਆਂ ਗਿੱਧਾ ਟੀਮਾਂ ਤਿਆਰ ਕਰਵਾਈਆਂ। ਇਸ ਇਕੱਠੇ ਕੀਤੇ ਖਜਾਨੇ ਨੂੰ ਸੰਭਾਲਣ ਲਈ ਕੋਈ ਇਕ ਦਰਜਨ ਪੁਸਤਕ ਤਿਆਰ ਕਰਵਾਈਆਂ। ਜਿਵੇਂ ਕਿ ਪੰਜਾਬ ਦੇ ਲੋਕਗੀਤ, ਕਾਂਗੜੇ ਦੇ ਲੋਕਗੀਤ, ਕੁੱਲੂ ਦੇ ਲੋਕਗੀਤ, ਪ੍ਰੀਤ ਕਹਾਣੀਆਂ, ਪੰਜਾਬ, ਪੰਜਾਬੀ ਲੋਕਗੀਤ, ਪੰਜਾਬ ਦਾ ਇਤਿਹਾਸ, ਕਲਾ ਤੇ ਸੱਭਿਆਚਾਰ ਸੁੰਦਰ ਰੁੱਖ ਤੇ ਬਾਗ ਬਗੀਚੇ ਆਦਿ। ਅੰਗ੍ਰੇਜ਼ੀ ਵਿਚ ਇਨ੍ਹਾਂ ਦੀਆਂ ਕੋਈ ਤਿੰਨ ਦਰਜਨ ਕਿਤਾਬਾਂ ਹਨ। ਸੇਵਾ ਮੁਕਤੀ ਪਿੱਛੋਂ ਆਪ ਨੇ ਭਾਰਤ ਦਾ ਖੇਤੀ ਇਤਿਹਾਸ ਲਿਖਿਆ ਜਿਸ ਨੂੰ ਚਾਰ ਜਿਲਦਾਂ ਵਿਚ ਭਾਰਤੀ ਖੇਤੀ ਖੋਜ ਪਰੀਸ਼ਦ ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤਾ। ਇੰਝ ਪੱਧਰ ਕਾਲ ਤੋਂ ਲੈ ਕੇ ਹਰੇ ਇਨਕਲਾਬ ਦੇ ਹੋਏ ਵਿਕਾਸ ਦੀ ਕਹਾਣੀ ਨੂੰ ਸੰਭਾਲਿਆ। ਡਾ. ਰੰਧਾਵਾ ਕਿੱਤੇ ਵੱਲੋਂ ਇਕ ਆਈ ਸੀ ਐਸ ਅਫਸਰ ਸਨ, ਪੜ੍ਹਾਈ ਵੱਲੋਂ ਉਹ ਵਿਗਿਆਨੀ ਸਨ ਪਰ ਪੰਜਾਬ ਤੇ ਇਥੋਂ ਦੇ ਵਿਰਸੇ ਨਾਲ ਉਨ੍ਹਾਂ ਨੂੰ ਅਥਾਹ ਲਗਾਵ ਸੀ। ਹੋਰ ਸ਼ਾਇਦ ਹੀ ਕਿਸੇ ਨੇ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਇਨ੍ਹਾਂ ਵਾਂਗ ਯਤਨ ਕੀਤੇ ਹੋਣਗੇ।

**– ਡਾ. ਰਣਜੀਤ ਸਿੰਘ**

## ਕਵਿਤਾ ਬੁਰਕੜਾ

ਮਾਰਿਆ ਗੇੜਾ ਖੇਤ ਬਾਬੇ ਨੇ।
ਆ ਹੁਕਮ ਸੁਣਾਇਆ ਬਾਬੇ ਨੇ।

ਕਰੋ ਤਿਆਰੀ ਗੁੜ ਨੂੰ ਘੋਲੋ।
ਉਤਰੀ ਫੁੱਲ ਬੂਮੀ ਨੂੰ ਤੁਸੀਂ ਜੋਲੋ।

ਮਾਤ ਪਾਵੇ ਗਿਆਨੀ ਨੂੰ ਬਾਬਾ।
ਬਿਮਾਰੀ ਫਸਲ ਦੀ ਦੱਸੇ ਬਾਬਾ।

ਕੀੜੇ ਨੂੰ ਭਜਾਵੇ ਤੇਲ ਨਿੰਮਦਾ
ਫੇਰ ਪਰਾਗਣ ਕ੍ਰਿਆ ਹੀ ਵੱਧਦਾ।

ਪਾਇਆ ਘੋਲ ਵਿਚ ਬਾਲਟੀ
ਨਾਲ ਹੀ ਅਵਾਜ਼ ਕੁੜੀਆਂ ਨੂੰ ਮਾਰਤੀ।

ਚੁੱਲਾ ਬਣਾ ਹਵਾ ਤੋਂ ਉਹਲੇ।
ਤਵਿਆ ਧਰਦਾ ਮੁੱਕੇ ਰੋਹਲੇ।


ਮੁੱਠੀ ਮੁੱਠੀ ਚੌਲ ਸੀ ਵੰਡੇ।
ਮਾਰੋ ਬੁਰਕੜਾ ਤੁਸੀਂ ਚੱਬ ਚੁਬਕੇ।

ਪੂੜੇ ਪੱਕੇ ਖੁਸ਼ੀਆਂ ਆਈਆਂ।
ਵਹੀਰਾਂ ਘੱਤ ਕੁੜੀਆਂ ਆਈਆਂ।

ਰਾਹੀ ਹਾਲੇ ਸਭ ਜੀ ਆਏ।
ਰਜ ਰਜ ਪੂੜੇ ਸਭ ਨੇ ਖਾਏ।

ਧੋਤੇ ਭਾਂਡੇ ਛਿਕਾ ਕੀਤਾ ਕਪਾਹੀ।
ਫੁੱਲ ਬੂਕੀ ਦੀ ਰਹੀ ਨਾ ਬਾਕੀ।

ਕਹਾਣੀ ਜਗਜੀਤ ਬੁਰਕੜੇ ਦੀ ਸੁਣਾਈ।
ਅਜ ਕਲ ਨੌਜਵਾਨ ਮੰਨਣ ਪੁਰਾਣੀ।



**ਜਗਜੀਤ ਸਿੰਘ ਝੱਤਰਾ**
ਪੰਜਾਬੀ ਲਿਖਾਰੀ ਸਭਾ,
ਪਿੰਡ ਝੱਤਰੇ, ਤਹਿ. ਜੀਰਾ,
ਜ਼ਿਲਾ ਫਿਰੋਜ਼ਪੁਰ-152028
ਮੋ: 7814490249

-------- ਬਾਕੀ ਸਫਾ 3 ਦੀ --------

## ਬਾਸਮਤੀ ਵਿਚ ਲੋੜ ਅਨੁਸਾਰ ਯੂਰੀਆ ਖਾਦ ਦੀ ਵਰਤੋਂ ਲਈ ਮਦਦਗਾਰ – ਪੀ ਏ ਯੂ ਰੰਗ ਚਾਰਟ

★ ਹਰ ਵਾਰ ਖੇਤ ਵਿਚ 10 ਪੌਦਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨਾ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿੱਚ ਮਿਲਾਓ।

★ ਸੀ ਐਸ ਆਰ-30 ਕਿਸਮ ਦਾ ਰੰਗ ਟਿੱਕੀ ਨੰਬਰ 3.5 ਅਤੇ ਬਾਕੀ ਕਿਸਮਾਂ (ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1509 ਅਤੇ 1718) ਦਾ ਰੰਗ ਟਿੱਕੀ ਨੰਬਰ 4 ਨਾਲ ਮਿਲਾਓ।



★ ਜਦੋਂ 10 ਵਿੱਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਸੰਬੰਧਤ ਟਿੱਕੀ ਤੋਂ ਫਿੱਕਾ ਹੋਵੇ 9 ਕਿਲੋ ਯੂਰੀਆ ਪ੍ਰਤੀ ਏਕੜ ਪਾਓ।

★ ਜੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਦੀ ਸੰਬੰਧਤ ਟਿੱਕੀ ਦੇ ਬਰਾਬਰ ਜਾਂ ਗੂੜ੍ਹਾ ਹੋਵੇ ਹੋਰ ਯੂਰੀਆ ਦੀ ਵਰਤੋਂ ਨਾ ਕਰੋ।

★ ਬਾਸਮਤੀ ਦੇ ਨਿਸਰਨ ਤੋਂ ਬਾਅਦ ਹੋਰ ਖਾਦ ਨਾ ਪਾਓ।

**ਨੋਟ** : ਜਿਨ੍ਹਾਂ ਖੇਤਾਂ ਵਿਚ ਰੂੜ੍ਹੀ/ਹਰੀ ਖਾਦ ਜਾਂ ਹੋਰ ਜੈਵਿਕ ਖਾਦ ਦੀ ਵਰਤੋਂ ਸਮੇਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਪੌਦਿਆਂ ਦੇ ਪੱਤਿਆਂ ਦਾ ਰੰਗ ਹੀ ਪੱਤਾ ਰੰਗ ਚਾਰਟ ਨਾਲ ਮਿਲਾਓ। ਫਸਲ ਲਈ ਪਾਣੀ ਅਤੇ ਹੋਰ ਖੁਰਾਕੀ ਤੱਤਾ ਦੀ ਵਰਤੋਂ ਸਿਫਾਰਿਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਪੱਤਾ ਰੰਗ ਚਾਰਟ ਦੀ ਖਰੀਦ ਭੂਮੀ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਕੀਤੀ ਜਾ ਸਕਦੀ ਹੈ।

### ਪੱਤਾ ਰੰਗ ਚਾਰਟ ਵਰਤਣ ਦੇ ਫਾਇਦੇ :

★ ਬਿਹਤਰ ਫਸਲ।

★ ਫਸਲ ਦਾ ਬੀਮਾਰੀਆਂ ਤੋਂ ਬਚਾਅ।

★ ਫਸਲ ਨੂੰ ਲੋੜ ਮੁਤਾਬਿਕ ਸਹੀ ਮਾਤਰਾ ਅਤੇ ਸਹੀ ਸਮੇਂ ਦੇ ਖਾਦ।

★ ਕਿਸਾਨਾਂ ਲਈ ਪੈਸੇ ਬਚਾਉਣ ਦਾ ਸਾਧਨ।

★ ਗ੍ਰੀਨ ਹਾਊਸ ਗੈਸ ਦੇ ਨਿਕਾਸ ਨੂੰ ਘਟਾਉਂਦਾ ਹੈ।



# ਬਰਸਾਤ ਰੁੱਤ ਵਿਚ ਸਬਜ਼ੀਆਂ ਦੀ ਕਾਸ਼ਤ : ਸਮੱਸਿਆਵਾਂ ਅਤੇ ਹੱਲ

ਸਰਵਪ੍ਰਿਆ ਸਿੰਘ ਅਤੇ
ਦਿਲਪ੍ਰੀਤ ਤਲਵਾੜ, ਪੀ. ਏ. ਯੂ.
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ
ਮੋ. 95927-72123

**ਅਜੈਵਿਕ ਸਮੱਸਿਆਵਾਂ**

★ **ਮੀਂਹ ਪੈਣ ਨਾਲ ਖੇਤਾਂ ਵਿਚ ਪਾਣੀ ਭਰਨਾ** : ਸਾਨੂੰ ਸਹੀ ਜਗ੍ਹਾਂ ਚੋਣ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੋ ਜ਼ਮੀਨ ਬਾਕੀ ਖੇਤਾਂ ਨਾਲੋਂ ਉੱਚੀ ਹੋਵੇ । ਬਿਜਾਈ/ਬੂਟੇ ਲਗਾਉਣ ਸਮੇਂ ਅੱਧੇ ਤੋਂ ਪੌਣਾ ਫੁੱਟ (15-20 ਸੈਂਟੀਮੀਟਰ) ਉੱਚੇ ਬੈੱਡ ਬਣਾਉਣੇ ਚਾਹੀਦੇ ਹਨ । ਖੇਤ ਵਿਚ ਪਾਣੀ ਖੜੌਣ ਦੀ ਹਾਲਤ ਵਿਚ ਵਾਧੂ ਪਾਣੀ ਨੂੰ ਕੱਢਣ ਲਈ ਢਲਾਣ ਵਾਲੇ ਪਾਸੇ ਟੋਏ ਪੁੱਟ ਕੇ ਪਾਣੀ ਨੂੰ ਕੱਢਿਆ ਜਾ ਸਕਦਾ ਹੈ ।

★ **ਪਰਾਗ ਕਿਰਿਆ ਦਾ ਘੱਟਣਾ** : ਗਰਮੀ, ਬਰਸਾਤ ਅਤੇ ਜ਼ਿਆਦਾ ਨਮੀਂ ਹੋਣ ਕਾਰਨ ਮਧੂ-ਮੱਖੀਆਂ ਅਤੇ ਤਿਤਲੀਆਂ ਦੀ ਗਤੀਵਿਧੀ ਵਿਚ ਵਿਘਨ ਪੈਂਦਾ ਹੈ । ਵਰਖਾ ਰੁੱਤ ਦੌਰਾਨ ਪਰਾਗ ਕਿਰਿਆ ਨੂੰ ਵਧਾਉਣ ਲਈ ਨਰ ਅਤੇ ਮਾਦਾ ਫੁੱਲਾਂ ਦਾ ਮਿਲਾਪ ਕਰਵਾਓ ਤਾਂ ਜੋ ਪਰਾਗ ਕਿਰਿਆ ਵਧਾਈ ਜਾ ਸਕੇ ।

★ **ਬੱਦਲ ਵਾਈ ਜਾਂ ਘੱਟ ਰੌਸ਼ਨੀ ਦਾ ਫਸਲਾਂ ਉੱਪਰ ਪ੍ਰਭਾਵ ਅਤੇ ਹੱਲ** : ਬਰਸਾਤ ਵੇਲੇ ਪੌਦਿਆਂ ਨੂੰ ਭੋਜਨ ਬਣਾਉਣ, ਵਾਧਾ-ਵਿਕਾਸ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਪੌਦਿਆਂ ਨੂੰ ਸਿਫਾਰਸ਼ ਕੀਤੇ ਹੋਏ ਫਾਸਲੇ ਤੇ ਲਗਾਉਣਾ ਚਾਹੀਦਾ ਹੈ ਤਾਂ ਜੋ ਇਹਨਾਂ ਦਾ ਸਹੀ ਵਾਧਾ ਵਿਕਾਸ ਹੋ ਸਕੇ ਅਤੇ ਆਪਸੀ ਮੁਕਾਬਲੇ ਜਾਂ ਤੱਤਾਂ ਦੀ ਪੂਰਤੀ ਹੋ ਸਕੇ ।

★ **ਮੀਂਹ ਕਾਰਨ ਜ਼ਮੀਨ ਵਿੱਚੋਂ ਖੁਰਾਕੀ ਤੱਤਾਂ ਦੀ ਉਪਲੱਬਧਤਾ ਘੱਟਣੀ** : ਬੈੱਡਾਂ ਦੇ ਵਿਚਕਾਰ ਬਣੀਆਂ ਖਾਲੀਆਂ, ਜਾਂ ਵੱਟਾਂ ਦੇ ਨਾਲ ਬਣੀਆਂ ਖਾਲੀਆਂ ਵਿਚ ਖਾਦ-ਖੁਰਾਕ ਪਾ ਕੇ ਮਿੱਟੀ ਲਗਾਉਣੀ ਚਾਹੀਦੀ ਹੈ । ਇਸ ਦੇ ਨਾਲ-ਨਾਲ ਸਾਨੂੰ ਉਹਨਾਂ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀਆਂ ਖਾਦਾਂ ਹੌਲੀ-ਹੌਲੀ ਤੱਤ ਛੱਡਦੀਆਂ ਹਨ ਜਿਵੇਂ ਕਿ ਸਲਫਰ ਲਿਪਤ ਯੂਰੀਆ ਅਤੇ ਇਸ ਦੇ ਨਾਲ-ਨਾਲ ਸਾਨੂੰ ਖੇਤ ਵਿਚ ਪਰਾਲੀ ਜਾ ਪਲਾਸਟਿਕ ਮਲਚਿੰਗ ਦੀ ਵਰਤੋਂ ਕਰਨੀ ਚਾਹੀਦੀ ਹੈ ।

**ਜੈਵਿਕ ਸਮੱਸਿਆਵਾਂ**

★ **ਨਦੀਨ** : ਨਦੀਨਾਂ ਦੀ ਰੋਕਥਾਮ ਲਈ ਗੋਡੀ ਜਾਂ ਨਦੀਨ-ਨਾਸ਼ਕ ਦੀ ਵਰਤੋਂ ਕਰੋ ਖਾਸ ਕਰਕੇ ਸਾਉਣੀ ਦੇ ਪਿਆਜ਼ ਨੂੰ ਨਦੀਨ ਰਹਿਤ ਕਰਨ ਲਈ ਸਿਫਾਰਸ਼ ਕੀਤੀ ਨਦੀਨ-ਨਾਸ਼ਕ ਦਾ ਛਿੜਕਾਅ ਕਰੋ ।

★ **ਕੀੜੇ-ਮਕੌੜੇ** : ਕੀੜ੍ਹਿਆਂ ਤੋਂ ਬਚਾਉਣ ਲਈ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜੇਕਰ ਇਨ੍ਹਾਂ ਦੀ ਗਿਣਤੀ ਆਰਥਿਕ ਕਗਾਰ ਤੋਂ ਜ਼ਿਆਦਾ ਹੋ ਜਾਵੇ ਤਾਂ ਸਿਫਾਰਸ਼ ਕੀਟਨਾਸ਼ਕਾਂ ਜਿਵੇਂ ਕਿ ਪੀ.ਏ.ਯੂ. ਨਿੰਮ ਦਾ ਘੋਲ 1200 ਮਿਲੀਲੀਟਰ, 40 ਮਿਲੀਲੀਟਰ ਕੋਨਫੀਡੋਰ 17.8 ਐੱਸ. ਐੱਲ. ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਵਿਚ ਘੋਲ ਕੇ ਛਿੜਕਾਅ ਕਰੋ । ਇਸ ਤੋਂ ਇਲਾਵਾ ਪੱਤੇ ਖਾਣ ਵਾਲੀ ਭੂੰਡੀ, ਫਲਾਂ ਅਤੇ ਲਗਰਾਂ ਦੀ ਸੁੰਡੀ ਤੇ ਹਮਲਾ ਤੋਂ ਬਚਾਅ ਲਈ ਕੋਰਾਜਨ 80 ਐੱਸ. ਐੱਲ. ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ **ਬਿਮਾਰੀਆਂ** : ਉੱਲੀ ਰੋਗ ਅਤੇ ਝੁਲਸ ਰੋਗ : ਜ਼ਿਆਦਾ ਨਮੀਂ ਅਤੇ ਉੱਚ ਤਾਪਮਾਨ ਦੌਰਾਨ ਵੇਲਾਂ ਵਾਲੀਆਂ ਸਬਜ਼ੀਆਂ ਵਿਚ ਪੱਤਿਆਂ ਤੇ ਧੱਬਿਆਂ ਦਾ ਰੋਗ, ਚਿੱਟੋ ਦਾ ਰੋਗ, ਗਿੱਚੀ ਗਲਣਾ, ਤਣਾ ਗਲਣਾ ਅਤੇ ਝੁਲਸ ਰੋਗ ਆਮ ਦੇਖਣ ਨੂੰ ਮਿਲਦਾ ਹੈ । ਇਸ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਉੱਲੀਨਾਸ਼ਕਾਂ ਦਾ ਛਿੜਕਾਅ ਕਰੋ ।

★ **ਵਿਸ਼ਾਣੂ ਰੋਗ** : ਇਹ ਸਮੱਸਿਆਵਾਂ ਆਮ ਤੌਰ ਤੇ ਕੱਦੂ ਜਾਤੀ ਦੀਆਂ ਸਬਜ਼ੀਆਂ, ਟਮਾਟਰ ਅਤੇ ਭਿੰਡੀ ਵਿਚ ਦੇਖਣ ਨੂੰ ਮਿਲਦੀ ਹੈ ।

★ **ਇਸ ਬਿਮਾਰੀ ਦੇ ਮੁੱਖ ਲੱਛਣ** : ਪੱਤਿਆਂ ਉੱਪਰ ਚਟਾਖ ਪੈਣੇ, ਪੱਤੇ ਸੁੰਗੜ ਕੇ ਮੁੜ ਜਾਣੇ, ਪੱਤਿਆਂ ਦੀਆਂ ਨਾੜਾਂ ਪੀਲੀਆਂ ਪੈ ਜਾਣੀਆਂ ਆਦਿ ਹਨ । ਇਸ ਬਿਮਾਰੀ ਤੋਂ ਬਚਾਅ ਲਈ ਬੂਟੇ ਪੱਟ ਕੇ ਦੱਬ ਦੇਣੇ ਚਾਹੀਦੇ ਹਨ ਅਤੇ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ, ਕਿਉਂਕਿ ਚਿੱਟੀ ਮੱਖੀ ਇਸ ਬਿਮਾਰੀ ਨੂੰ ਫੈਲਾਉਂਦੀ ਹੈ । ਇਸ ਬਿਮਾਰੀ ਤੋਂ ਬਚਾਅ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਬਿਜਾਈ ਕਰੋ । ਜਿਵੇਂ ਕਿ : ਹਲਵਾ ਕੱਦੂ ਦੀ ਪੰਜਾਬ ਨਵਾਬ ਕਿਸਮ, ਟਮਾਟਰ ਦੀਆਂ ਪੰਜਾਬ ਵਰਖਾ ਬਹਾਰ 4, ਪੰਜਾਬ ਵਰਖਾ ਬਹਾਰ 1, ਪੰਜਾਬ ਵਰਖਾ ਬਹਾਰ 2 ਅਤੇ ਭਿੰਡੀ ਦੀਆਂ ਪੰਜਾਬ ਸੁਹਾਵਣੀ, ਪੰਜਾਬ 8 ਕਿਸਮਾਂ ਹਨ ।



ਅਮਰਜੀਤ ਸਿੰਘ ਸੰਧੂ, ਨਵਨੀਤ ਕੌਰ ਅਤੇ ਪ੍ਰਿਤਪਾਲ ਸਿੰਘ,
ਫਾਰਮ ਸਲਾਹਕਾਰ ਸੇਵਾ, ਬਠਿੰਡਾ
(ਮੋ. 88722-00120)

# ਕਣਕ-ਝੋਨਾ ਫਸਲੀ ਚੱਕਰ ਵਿੱਚ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਜ਼ਰੂਰੀ ਨੁਕਤੇ

**ਪੰਜਾਬ ਵਿਚ ਆਮ ਤੌਰ ਤੇ ਕਣਕ ਦੀ ਵਾਢੀ ਅਤੇ ਤੂੜੀ ਬਣਾਉਣ ਤੋਂ ਬਾਅਦ ਜਿਹੜੇ ਖੇਤਾਂ ਵਿਚ ਕਿਸਾਨਾਂ ਨੇ ਸੱਠੀ ਮੂੰਗੀ, ਹਰੀ ਖਾਦ ਜਾਂ ਕੋਈ ਵੀ ਹੋਰ ਫਸਲ ਦੀ ਕਾਸ਼ਤ ਕਰਨੀ ਹੋਵੇ ਸਿਰਫ ਉਹਨਾਂ ਖੇਤਾਂ ਵਿਚ ਰੌਣੀ ਕਰਕੇ ਫਸਲਾਂ ਦੀ ਬਿਜਾਈ ਕੀਤੀ ਜਾਵੇ ਜਿਹੜੇ ਖੇਤਾਂ ਵਿਚ ਝੋਨਾ ਜਾਂ ਬਾਸਮਤੀ ਦੀ ਕਾਸ਼ਤ ਕਰਨੀ ਹੋਵੇ, ਉਹਨਾਂ ਖੇਤਾਂ ਵਿਚ ਕਦੇ ਵੀ ਧਰਤੀ ਹੇਠਲਾ ਪਾਣੀ ਕੱਢ ਕੇ ਖੇਤ ਦੀ ਵਹਾਈ ਨਾ ਕੀਤੀ ਜਾਵੇ। ਪਰ ਬਹੁਤ ਸਾਰੇ ਕਿਸਾਨ ਵੀਰ ਖੇਤਾਂ ਨੂੰ ਠੰਡਾ ਕਰਨ ਦੇ ਮੰਤਵ ਲਈ ਧਰਤੀ ਚੋਂ ਪਾਣੀ ਕੱਢ ਕੇ ਖੇਤਾਂ ਨੂੰ ਲਾਉਂਦੇ ਹਨ। ਜਿਸ ਦਾ ਕੋਈ ਫਾਇਦਾ ਨਹੀਂ ਹੈ। ਜਿਹੜੇ ਕਿਸਾਨਾਂ ਵੀਰਾਂ ਕੋਲ ਨਹਿਰੀ ਪਾਣੀ ਹੋਵੇ ਉਹ ਜ਼ਰੂਰ ਪਾਣੀ ਖੇਤਾਂ ਵਿਚ ਲਾਉਣ ਜਿਸ ਨਾਲ ਜ਼ਮੀਨ ਦੀ ਸਿਹਤ ਦਾ ਸੁਧਾਰ ਹੋਵੇਗਾ।**

ਸਾਲ 2023 ਦੀ ਰਿਪੋਰਟ ਮੁਤਾਬਕ ਪੰਜਾਬ ਵਿਚੋਂ ਸਲਾਨਾ 27.8 ਬਿਲੀਅਨ ਮੀਟਰ ਕਿਊਬ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ, ਜਦੋਂ ਕਿ ਸਿਰਫ ਸਲਾਨਾ 18.84 ਬਿਲੀਅਨ ਮੀਟਰ ਕਿਊਬ ਪਾਣੀ ਹੀ ਧਰਤੀ ਹੇਠ ਰੀਚਾਰਜ ਹੋ ਰਿਹਾ ਹੈ। ਮੌਜੂਦਾ ਸਥਿਤੀ ਵਿਚ ਅਸੀਂ ਸਲਾਨਾ ਸਿਰਫ 16.98 ਬਿਲੀਅਨ ਮੀਟਰ ਕਿਊਬ ਪਾਣੀ ਹੀ ਕੱਢ ਸਕੇ ਹਾਂ। ਇਸੇ ਬੋਰਡ ਦੀ 2019 ਦੀ ਰਿਪੋਰਟ ਅਨੁਸਾਰ ਜੇਕਰ ਇਸੇ ਰਫਤਾਰ ਨਾਲ ਧਰਤੀ ਹੇਠੋਂ ਪਾਣੀ ਕੱਢਿਆ ਗਿਆ ਤਾਂ ਅਗਲੇ 20 ਸਾਲ ਤੱਕ ਪੰਜਾਬ ਵਿਚ ਧਰਤੀ ਹੇਠਲਾ ਵਰਤਣਯੋਗ ਪਾਣੀ ਖਤਮ ਹੋ ਜਾਵੇਗਾ। ਜੇ ਧਰਤੀ ਹੇਠੋਂ ਪਾਣੀ ਕੱਢਣ ਦੀ ਦਰ ਵਿਚ ਕੋਈ ਕਮੀ ਨਾ ਹੋਈ ਤਾਂ 2029 ਤੱਕ ਧਰਤੀ ਹੇਠਲੇ ਪਾਣੀ ਦੀ ਡੂੰਘਾਈ 100 ਮੀਟਰ ਤੋਂ ਹੇਠਾਂ ਚਲੀ ਜਾਵੇਗੀ ਅਤੇ ਸਾਲ 2039 ਤੱਕ 300 ਮੀਟਰ ਦੀ ਡੂੰਘਾਈ ਪਾਰ ਕਰ ਜਾਵੇਗੀ। ਪੰਜਾਬ ਵਿਚ ਆਮ ਤੌਰ



ਤੇ ਕਣਕ ਦੀ ਵਾਢੀ ਅਤੇ ਤੂੜੀ ਬਨਾਉਣ ਤੋਂ ਬਾਅਦ ਜਿਹੜੇ ਖੇਤਾਂ ਵਿਚ ਕਿਸਾਨਾਂ ਨੇ ਸੱਠੀ ਮੂੰਗੀ, ਹਰੀ ਖਾਦ ਜਾਂ ਕੋਈ ਵੀ ਹੋਰ ਫਸਲ ਦੀ ਕਾਸ਼ਤ ਕਰਨੀ ਹੋਵੇ ਸਿਰਫ ਉਹਨਾਂ ਖੇਤਾਂ ਵਿਚ ਰੌਣੀ ਕਰਕੇ ਫਸਲਾਂ ਦੀ ਬਿਜਾਈ ਕੀਤੀ ਜਾਵੇ ਜਿਹੜੇ ਖੇਤਾਂ ਵਿਚ ਝੋਨਾ ਜਾਂ ਬਾਸਮਤੀ ਦੀ ਕਾਸ਼ਤ ਕਰਨੀ ਹੋਵੇ, ਉਹਨਾਂ ਖੇਤਾਂ ਵਿਚ ਕਦੇ ਵੀ ਧਰਤੀ ਹੇਠਲਾ ਪਾਣੀ ਕੱਢ ਕੇ ਖੇਤ ਦੀ ਵਹਾਈ ਨਾ ਕੀਤੀ ਜਾਵੇ। ਪਰ ਬਹੁਤ ਸਾਰੇ ਕਿਸਾਨ ਵੀਰ ਖੇਤਾਂ ਨੂੰ ਠੰਡਾ ਕਰਨ ਦੇ ਮੰਤਵ ਲਈ ਧਰਤੀ ਚੋਂ ਪਾਣੀ ਕੱਢ ਕੇ ਖੇਤਾਂ ਨੂੰ ਲਾਉਂਦੇ ਹਨ। ਜਿਸ ਦਾ ਕੋਈ ਫਾਇਦਾ ਨਹੀਂ ਹੈ। ਜਿਹੜੇ ਕਿਸਾਨਾਂ ਵੀਰਾਂ ਕੋਲ ਨਹਿਰੀ ਪਾਣੀ ਹੋਵੇ ਉਹ ਜ਼ਰੂਰ ਪਾਣੀ ਖੇਤਾਂ ਵਿਚ ਲਾਉਣ ਜਿਸ ਨਾਲ ਜ਼ਮੀਨ ਦੀ ਸਿਹਤ ਦਾ ਸੁਧਾਰ ਹੋਵੇਗਾ। ਇਸੇ ਤਰ੍ਹਾਂ ਅੱਧ ਜੂਨ ਤੱਕ ਖੇਤਾਂ ਨੂੰ ਪਾਣੀ ਲਾ ਕੇ ਵਾਹੁਣ ਦਾ ਕੋਈ ਵੀ ਫਾਇਦਾ ਨਹੀਂ, ਜਦੋਂ ਕਿ ਇਸ ਸਮੇਂ ਦੌਰਾਨ ਜ਼ਮੀਨ ਵਿੱਚੋਂ ਪਾਣੀ ਕੱਢ ਕੇ ਲਾਉਣ ਨਾਲ ਇਹ ਵਿਅਰਥ ਜਾ ਰਿਹਾ ਹੈ ਅਤੇ ਜ਼ਮੀਨ ਦੀ ਬੇਲੋੜੀ ਵਹਾਈ ਕਰਨ ਦੇ ਨਾਲ-ਨਾਲ ਕਿਸਾਨ ਵੀਰਾਂ ਦਾ ਬੇਲੋੜਾ ਖਰਚਾ ਹੁੰਦਾ ਹੈ। ਮਈ-ਜੂਨ ਦੇ ਮਹੀਨੇ ਗਰਮ ਅਤੇ ਖੁਸ਼ਕ ਹੋਣ ਕਰਕੇ ਹਨੇਰੀ ਨਾਲ ਮਿੱਟੀ-ਧੂੜ ਵੀ ਉੱਠਦੀ ਹੈ। ਇਸ ਸਮੇਂ ਦੌਰਾਨ ਛੋਟੀਆਂ-ਮੋਟੀਆਂ ਬਰਸਾਤਾਂ ਹੋਣ ਕਰਕੇ ਕਣਕ ਦਾ ਬਚਿਆ-ਖੁਚਿਆ ਨਾੜ ਵੀ ਗਲ ਸੜ ਜਾਂਦਾ ਹੈ ਅਤੇ ਜ਼ਮੀਨ ਵਿਚ ਆਰਗੈਨਿਕ ਕਾਰਬਨ ਇਕੱਤਰ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਿਚ ਅਹਿਮ ਯੋਗਦਾਨ ਦਿੰਦਾ ਹੈ। ਇਸ ਲਈ ਝੋਨਾ ਲਾਉਣ ਲਈ ਖੇਤਾਂ ਨੂੰ 10-15 ਜੂਨ ਤੋਂ ਬਾਅਦ ਹੀ ਤਿਆਰ ਕਰਨਾ ਸ਼ੁਰੂ ਕਰੋ।

**ਕਣਕ ਤੋਂ ਬਾਅਦ ਫਸਲਾਂ ਦੀ ਕਾਸ਼ਤ** : ਪੰਜਾਬ ਵਿਚ ਪਾਣੀ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਕਣਕ ਤੋਂ ਬਾਅਦ ਝੋਨਾ ਲਾਉਣ ਤੱਕ ਸਿਰਫ ਉਹਨਾਂ ਫਸਲਾਂ ਦੀ ਹੀ ਕਾਸ਼ਤ ਕਰਨੀ ਚਾਹੀਦੀ ਹੈ, ਜਿਨ੍ਹਾਂ ਦੀ ਪਾਣੀ ਦੀ ਜ਼ਰੂਰਤ ਬਹੁਤ ਘੱਟ ਹੋਵੇ। ਇਸ ਸਮੇਂ ਦਰਮਿਆਨ ਸੱਠੀ ਮੂੰਗੀ ਜਾਂ ਹਰੀ ਖਾਦ ਵਾਲੀਆਂ ਫਸਲਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਚਾਰੇ ਵਾਲੀਆਂ ਫਸਲਾਂ ਵਿਚੋਂ ਮੱਕੀ ਦੀ ਥਾਂ ਜੁਆਰ ਅਤੇ ਬਾਜਰੇ ਦੀ ਕਾਸ਼ਤ ਕੀਤੀ ਜਾਵੇ, ਕਿਉਂਕਿ ਇਨ੍ਹਾਂ ਫਸਲਾਂ ਨੂੰ ਪਾਣੀ ਦੀ ਜ਼ਰੂਰਤ ਬਹੁਤ ਘੱਟ ਹੈ। ਇਸ ਸਮੇਂ ਦੌਰਾਨ ਮੌਸਮ ਗਰਮ ਅਤੇ ਖੁਸ਼ਕ ਹੋਣ ਕਰਕੇ ਮੱਕੀ ਦੀ ਪਾਣੀ ਦੀ ਜ਼ਰੂਰਤ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਇਸ ਸਮੇਂ ਵਿਚ ਸਾਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਚਾਰੇ ਦੀ ਕਾਸ਼ਤ ਕਰਨੀ ਚਾਹੀਦੀ ਹੈ। ਇਨ੍ਹਾਂ ਫਸਲਾਂ ਵਿਚ ਖਾਸ ਕਰਕੇ ਮੱਕੀ ਨੂੰ ਇਸ ਮੌਸਮ ਦੌਰਾਨ (ਕਣਕ ਦੀ ਵਾਢੀ ਤੋਂ ਬਾਅਦ ਝੋਨਾ ਲਾਉਣ ਤੱਕ) ਵਪਾਰਕ ਫਸਲ ਦੇ ਤੌਰ ਤੇ ਬੀਜੋ, ਅਤੇ ਸਿਰਫ ਆਪਣੇ ਪਸ਼ੂਆਂ ਦੀ ਜ਼ਰੂਰਤ ਪੂਰੀ ਕਰਨ ਲਈ ਹੀ ਚਾਰੇ ਵਾਲੀਆਂ ਫਸਲਾਂ ਦੀ ਕਾਸ਼ਤ ਕੀਤੀ ਜਾਵੇ।

**ਝੋਨੇ ਦੀਆਂ ਕਿਸਮਾਂ ਦੀ ਚੋਣ ਅਤੇ ਸਿੰਚਾਈ** : ਝੋਨੇ ਵਿਚ ਪਾਣੀ ਦੀ



ਬੱਚਤ ਲਈ ਭਾਰੀਆਂ ਜ਼ਮੀਨਾਂ ਵਿਚ 1 ਜੂਨ ਤੋਂ 15 ਜੂਨ ਤੱਕ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਫਸਲ ਕੱਦੂ ਕਰਕੇ ਲਾਉਣ ਦੀ ਬਿਜਾਏ ਇਸ ਦੀ ਲਵਾਈ ਬਿਨਾਂ ਕੱਦੂ ਕੀਤੇ ਖੇਤਾਂ ਵਿਚ ਵੱਟਾਂ ਜਾਂ ਬੈੱਡਾਂ ਦੇ ਦੋਨੋ ਪਾਸੇ ਕੀਤੀ ਜਾ ਸਕਦੀ ਹੈ। ਵੱਟਾਂ ਜਾਂ ਬੈਡਾਂ ਦੀਆਂ ਖਾਲੀਆਂ ਨੂੰ ਭਰਕੇ ਤੁਰੰਤ ਬਾਅਦ ਬੂਟੇ ਲਾ ਦਿਓ। ਇਸ ਵਿਧੀ ਲਈ ਰਿਜਰ ਨਾਲ 60 ਸੈ. ਮੀ. ਤੇ ਵੱਟਾਂ ਬਣਾਉ ਅਤੇ ਵੱਟਾਂ ਦੇ ਦੋਨੋ ਪਾਸੇ 10 ਸੈ. ਮੀ. ਦੀ ਵਿੱਥ ਤੇ ਬੂਟੇ ਲਾ ਦਿਓ। ਲੁਆਈ ਤੋਂ 15 ਦਿਨ ਤੱਕ ਹਰ ਰੋਜ਼ ਪਾਣੀ ਦਿਉ। ਇਸ ਤੋਂ ਬਾਅਦ ਖਾਲੀਆਂ ਵਿਚ ਪਹਿਲੇ ਪਾਣੀ ਦੇ ਜ਼ੀਰਨ ਤੋਂ 2 ਦਿਨ ਬਾਅਦ ਪਾਣੀ ਲਾਉ। ਇਹ ਧਿਆਨ ਰੱਖੋ ਕਿ ਖਾਲੀਆਂ ਵਿਚ ਤਰੇੜਾਂ ਨਾ ਪੈਣ। ਕੱਦੂ ਕਰਕੇ ਲਾਈ ਹੋਈ ਫਸਲ ਵਿਚ ਵੀ ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਪਿੱਛੋਂ ਪਾਣੀ ਉਸ ਵੇਲੇ ਦਿਉ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਪਰ ਇਸ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ। ਫਸਲ ਦੀ ਇਸ ਅਵਸਥਾ ਵਿਚ ਖੇਤ ਵਿਚ ਟੈਂਸ਼ੀਉਮੀਟਰ ਲਾ ਕੇ ਵੀ ਫਸਲ ਨੂੰ ਪਾਣੀ ਲਾਉਣ ਦੇ ਸਮੇਂ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ ਕਾਫੀ ਬੱਚਤ ਹੋ ਜਾਂਦੀ ਹੈ ਤੇ ਝਾੜ ਵੀ ਪੂਰਾ ਮਿਲਦਾ ਹੈ। ਫਸਲ ਕੱਟਣ ਤੋਂ 2 ਹਫਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਓ। ਝੋਨੇ ਦੀ ਫਸਲ ਵਿਚ ਪਾਣੀ ਦੀ ਬੱਚਤ ਲਈ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ-126, ਪੀ ਆਰ-130, ਪੀ ਆਰ-129, ਪੀ ਆਰ-131, ਪੀ ਆਰ-121, ਪੀ ਆਰ-128 ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਲਈ ਕੋਸ਼ਿਸ਼ ਕਰੋ ਕਿ 140 ਦਿਨਾਂ ਤੱਕ ਪੱਕਣ ਵਾਲੀਆਂ ਕਿਸਮਾਂ ਦੀ ਹੀ ਕਾਸ਼ਤ ਕੀਤੀ ਜਾਵੇ। ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੂਸਾ-44, ਪੀਲੀ ਪੂਸਾ, ਡੋਗਰ ਪੂਸਾ, ਸੀ.ਆਰ-212 ਆਦਿ ਦੀ ਕਾਸ਼ਤ ਨਾ ਕਰੋ। ਇਹ ਕਿਸਮਾਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਨਾਲੋਂ 15-20% ਜ਼ਿਆਦਾ ਪਾਣੀ ਲੈਂਦੀਆਂ ਹਨ ਅਤੇ ਇਨ੍ਹਾਂ ਤੇ ਕੀਟਨਾਸ਼ਕ ਅਤੇ ਉੱਲੀਨਾਸ਼ਕ ਦੀ ਵੀ ਜ਼ਿਆਦਾ ਲੋੜ ਪੈਂਦੀ ਹੈ। ਝੋਨੇ ਵਿਚ ਪਾਣੀ ਦੀ ਬੱਚਤ ਅਤੇ ਚੰਗੀ ਫਸਲੀ ਗੁਣਵੱਤਾ ਲਈ ਪਨੀਰੀ ਦੀ ਬਿਜਾਈ 20 ਮਈ ਤੋਂ 20 ਜੂਨ ਅਤੇ ਲੁਆਈ 20 ਜੂਨ ਤੋਂ 10 ਜੁਲਾਈ ਦਰਮਿਆਨ ਕਰੋ। ਝੋਨੇ ਦੀ ਜ਼ਿਆਦਾ ਪਿਛੇਤੀ ਲਵਾਈ ਕਰਕੇ ਪਰਾਲੀ ਸਾਂਭਣ ਵਿਚ ਮੁਸ਼ਕਿਲ ਆਉਂਦੀ ਹੈ ਅਤੇ ਕਣਕ ਦੀ ਫਸਲ ਵੀ ਲੇਟ ਹੋ ਜਾਂਦੀ ਹੈ।

# ਚਾਰੇ ਵਾਲੇ ਮੱਕੀ ਵਿਚ ਫਾਲ ਆਰਮੀਵਰਮ ਕੀੜੇ ਦੇ ਹਮਲੇ ਤੋਂ ਸੁਚੇਤ ਰਹਿਣ ਦੀ ਲੋੜ

ਫਾਲ ਆਰਮੀਵਰਮ ਦੇ ਹਮਲੇ ਅਤੇ ਨੁਕਸਾਨ ਤੋਂ ਬਚਣ ਲਈ ਇਸ ਦੀ ਪਹਿਚਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਕੀੜਾ ਬੜੀ ਤੇਜ਼ੀ ਨਾ ਪੱਤਿਆਂ ਨੂੰ ਖਾ ਜਾਂਦਾ ਹੈ ਅਤੇ ਜੇਕਰ ਅਣਦੇਖਿਆ ਰਹਿ ਜਾਵੇ ਤਾਂ ਇਹ ਸਾਰੀ ਫਸਲ ਨੂੰ ਵੀ ਖਤਮ ਕਰ ਦਿੰਦਾ ਹੈ।

ਇਸ ਸਮੇਂ ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਲੋੜ ਹੈ ਕਿਉਂਕਿ ਫਸਲ ਦੀ ਇਹ ਅਵਸਥਾ ਕੀੜੇ ਦੇ ਹਮਲੇ ਲਈ ਅਨੁਕੂਲ ਹੈ। ਆਮ ਤੌਰ ਤੇ ਇਸ ਕੀੜੇ ਦਾ ਹਮਲਾ ਇਕ ਵਾਰ ਘੱਟ ਗਿਣਤੀ ਤੋਂ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਦ ਪੂਰੇ ਖੇਤ ਵਿਚ ਤੇਜ਼ੀ ਨਾਲ ਫੈਲ ਜਾਂਦਾ ਹੈ।

ਹੇਠ ਦੱਸੀ ਗਈ ਸਰਵਪੱਖੀ ਰੋਕਥਾਮ ਵਿਧੀ ਰਾਹੀਂ ਇਸ ਕੀੜੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ :

★ ਚਾਰੇ ਵਾਲੇ ਮੱਕੀ ਲਈ ਜ਼ਿਆਦਾ ਸੰਘਣੀ ਬਿਜਾਈ ਨਾ ਕਰੋ ਅਤੇ ਸਿਫਾਰਸ਼ ਕੀਤੀ ਬੀਜ ਦੀ ਮਾਤਰਾ (30 ਕਿਲੋ ਪ੍ਰਤੀ ਏਕੜ) ਕਤਾਰਾਂ ਵਿਚ ਬਿਜਾਈ ਲਈ ਵਰਤੋ।

★ ਕਿਸਾਨਾਂ ਨੂੰ ਇਕੱਲੇ ਚਾਰਾ ਮੱਕੀ ਦੀ ਫਸਲ ਉਗਾਉਣ ਦੀ ਬਜਾਏ ਮੱਕੀ ਵਿਚ ਬਾਜਰਾ / ਰਵਾਂਹ / ਜਵਾਰ ਰਲਾ ਕੇ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਖੇਤ ਵਿਚ ਕੀੜੇ ਦਾ ਫੈਲਾਅ ਰੋਕਿਆ ਜਾ ਸਕੇ।



★ ਚਾਰੇ ਵਾਲੀ ਮੱਕੀ ਦੀ ਬਿਜਾਈ ਅੱਧ-ਅਪ੍ਰੈਲ ਤੋਂ ਅੱਧ-ਅਗਸਤ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ।

★ ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਕਰਨ ਦੀ ਬਜਾਏ ਇਕਸਾਰ ਕਰੋ।

★ ਖੇਤ ਦਾ ਲਗਾਤਾਰ ਸਰਵੇਖਣ ਕਰੋ।

★ ਪੱਤਿਆਂ ਉੱਤੇ ਫਾਲ ਆਰਮੀਵਰਮ ਕੀੜੇ ਦੇ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਦੇ ਰਹੋ।

★ ਕੀੜੇ ਦਾ ਹਮਲਾ ਦਿਖਾਈ ਦੇਣ ਤੇ ਤੁਰੰਤ ਇਸ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਅਤੇ ਇਸ ਤੋਂ ਵੱਡੀ ਫਸਲ ਉੱਤੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਕੀਤੀ ਜਾ ਸਕਦੀ ਹੈ। ਛਿੜਕਾਅ ਕਰਨ ਲਈ ਗੋਲ ਨੋਜ਼ਲ ਦੀ ਵਰਤੋਂ ਕਰੋ ਅਤੇ ਨੋਜ਼ਲ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਰੱਖੋ, ਕਿਉਂਕਿ ਸੁੰਡੀ ਗੋਭ ਵਿਚ ਖਾਣਾ ਪਸੰਦ ਕਰਦੀ ਹੈ। ਖੇਤ ਵਿਚ ਕੀੜੇ ਦਾ ਹਮਲਾ ਹੋਣ ਦੀ ਸੂਰਤ ਵਿਚ ਕਿਸਾਨ ਖੇਤੀ ਮਾਹਿਰਾਂ ਨਾਲ ਸੰਪਰਕ ਵੀ ਕਰ ਸਕਦੇ ਹਨ।

**ਨੋਟ** : ਕਿਸਾਨਾਂ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਤੋਂ ਬਾਅਦ 21 ਦਿਨਾਂ ਤੱਕ ਮੱਕੀ ਦੇ ਚਾਰੇ ਨੂੰ ਪਸ਼ੂਆਂ ਨੂੰ ਚਰਾਉਣ ਜਾਂ ਚਾਰਾ ਇਕੱਠਾ ਨਾ ਕਰਨ ਲਈ ਸਖਤੀ ਨਾਲ ਸਾਵਧਾਨ ਕੀਤਾ ਜਾਂਦਾ ਹੈ।

**ਉਰਵੀ ਸ਼ਰਮਾ, ਪੀ.ਏ.ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ, ਮੋਬਾਇਲ : 70182-61834**

# ਖੁੰਬਾਂ ਦੀ ਖੇਤੀ ਦੇ ਸਫਲ ਕਿਸਾਨ ਵਜੋਂ ਉਭਰਿਆ ਬਲਦੇਵ ਚੀਮਾ

ਕਈ ਹੱਥੀਂ ਕੰਮਾਂ ਵਿਚ ਆਪਣੀ ਕਿਸਮਤ ਅਪਣਾਉਣ ਤੋਂ ਸਫਲਤਾ ਹੱਥੀ ਕੰਮਾਂ ਵਿਚ ਆਪਣੀ ਕਿਸਮਤ ਅਪਣਾਉਣ ਤੋਂ ਸਫਲਤਾ ਹੱਥ ਨਾ ਲੱਗਦੀ ਦੇਖ ਸਾਢੇ ਤਿੰਨ ਸਾਲ ਪਹਿਲਾਂ ਹੀ ਹਰਿਆਣਾ ਸੂਬੇ ਦੇ ਜ਼ਿਲ੍ਹੇ ਕੈਥਲ ਦੇ ਇਕ ਛੋਟੇ ਜਿਹੇ ਪਿੰਡ ਤੋਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਕਸਬਾ ਮਾਹਿਲਪੁਰ ਦੇ ਪਿੰਡ ਠੁਆਣਾ ਵਿਖੇ ਆਪਣੀ ਕਿਸਮਤ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੇ ਇਰਾਦੇ ਨਾਲ ਆਏ ਕਿਸਾਨ ਬਲਦੇਵ ਸਿੰਘ ਚੀਮਾ ਨੇ ਆਪਣੀ ਕਿਸਮਤ ਦੀ ਸਫਲਤਾ ਦੀ ਨਵੀਂ ਇਬਾਦਤ ਲਿਖ ਦਿੱਤੀ। ਉਸ ਵੱਲੋਂ ਪੰਜਾਬ ਆ ਕੇ ਖੁੰਬਾਂ ਦੀ ਸ਼ੁਰੂ ਕੀਤੀ ਪੈਦਾਵਾਰ ਨੇ ਉਸ ਨੂੰ ਸਫਲ ਅਤੇ ਖੁਸ਼ਹਾਲ ਕਿਸਾਨਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ।

**ਅਸਫਲਤਾ ਤੇ ਸਫਲਤਾ ਦਾ ਸੁਮੇਲ**

ਬਲਦੇਵ ਸਿੰਘ ਚੀਮਾ ਦੇ ਦੱਸਣ ਅਨੁਸਾਰ ਸੂਬਾ ਹਰਿਆਣਾ ਦੇ ਜ਼ਿਲ੍ਹਾ ਕੈਥਲ ਦੇ ਪਿੰਡ ਭੁਸਾਲ ਵਿਚ ਉਹ ਇਲੈਕਟ੍ਰੀਸ਼ਨ ਦਾ ਕੰਮ ਕਰਦਾ ਸੀ ਪਰ ਉਸ ਦੇ ਵਪਾਰ ਦਾ ਜ਼ਿਆਦਾ ਹਿੱਸਾ ਉਧਾਰੀ ਵਿਚ ਹੀ ਫਸ ਕੇ ਰਹਿ ਜਾਂਦਾ ਸੀ ਜਿਸ ਨਾਲ ਉਸ ਨੂੰ ਘਾਟਾ ਵੀ ਪੈਂਦਾ ਸੀ ਜਿਸ ਕਾਰਨ ਉਸ ਨੇ ਮੁਰਗੀਖਾਨਾ, ਖਰਗੋਸ਼ ਫਾਰਮ, ਬੱਕਰੀ ਫਾਰਮ, ਠੇਕੇ ਤੇ ਖੇਤੀਬਾੜੀ, ਆਈਸਕ੍ਰੀਮ ਦਾ ਕੰਮ ਵੀ ਸ਼ੁਰੂ ਕੀਤਾ ਪ੍ਰੰਤੂ ਉਹ ਜ਼ਿਆਦਾ ਸਫਲ ਨਾ ਹੋ ਸਕਿਆ।

ਬਲਦੇਵ ਸਿੰਘ ਚੀਮਾ ਨੇ ਦੱਸਿਆ ਕਿ ਉਸ ਤੋਂ ਉਸ ਨੇ ਟਿਊਬਵੈੱਲ ਲਗਾਉਣ ਲਈ ਬੋਰ ਦਾ ਕੰਮ ਸ਼ੁਰੂ ਕੀਤਾ ਪਰ ਪੂਰੀ ਅਦਾਇਗੀ ਨਾ ਹੋਣ ਕਾਰਨ ਇਹ ਕੰਮ ਵੀ ਘਾਟੇ ਵੱਲ ਨੂੰ ਤੁਰ ਪਿਆ। ਉਨ੍ਹਾਂ ਦੱਸਿਆ ਕਿ ਉਸ ਦਾ ਲੱਖਾਂ ਰੁਪਏ ਦਾ ਉਧਾਰ ਫਸ ਗਿਆ।

**ਕੀ ਕਹਿੰਦੇ ਹਨ ਡਾ. ਮਨਿੰਦਰ ਸਿੰਘ ਬੌਂਸ**

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਉਪ ਨਿਰਦੇਸ਼ਕ ਨੇ ਕਿਹਾ ਕਿ ਇੱਕ ਛੋਟੇ ਕਿਸਾਨ ਦੇ ਹੋਣ ਨਾਤੇ ਵੀ ਬਲਦੇਵ ਸਿੰਘ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਲਈ ਟਰੇਨਿੰਗ ਨਾਲ ਕਈ ਵੱਡੇ ਕਿਸਾਨ ਨੂੰ ਕਮਾਈ ਵਿਚ ਮਾਤ ਗਿਆ ਹੈ। ਉਨ੍ਹਾਂ ਦੱਸਿਆ ਕਿ ਖੁੰਬਾਂ ਵਿਚ ਮਨੁੱਖੀ ਸਰੀਰ ਅੰਦਰ ਕਈ ਖਤਰਨਾਕ ਬਿਮਾਰੀਆਂ ਨਾਲ ਲੜਨ ਦੀ ਤਾਕਤ ਹੁੰਦੀ ਹੈ ਅਤੇ ਇਸ ਵਿਚ ਵਿਟਾਮਿਨ ਬੀ 2, ਬੀ 3, ਬੀ 5, ਬੀ 06 ਤੋਂ ਇਲਾਵਾ ਕਾਪਰ ਫਾਸਫੋਰਸ, ਪੋਟਾਸ਼ੀਅਮ ਅਤੇ ਲੋਹੇ ਵਰਗੇ ਕਈ ਪੋਸ਼ਕ ਤੱਤ ਹੁੰਦੇ ਹਨ।



**ਖੁੰਬਾਂ ਦੀ ਫਸਲ ਤਿਆਰ ਹੋਣ ਤੋਂ ਬਾਅਦ ਇਸ ਦਾ ਮੰਡੀਕਰਨ ਵੀ ਖੁਦ ਕਰਦੇ ਨੇ ਚੀਮਾ**

ਬਲਦੇਵ ਸਿੰਘ ਨੇ ਦੱਸਿਆ ਕਿ ਖੁੰਬਾਂ ਨੂੰ ਲਗਾਉਣ ਦਾ ਕੰਮ ਸ਼ੁਰੂ ਕਰਨ ਤੋਂ ਬਾਅਦ ਉਹ ਇਸ ਦੀ ਖੇਤੀ ਸ਼ੁਰੂ ਕਰ ਚੁੱਕਾ ਹੈ। ਉਹ 20 ਦੇ ਕਰੀਬ ਖੁੰਬਾਂ ਦੀ ਖੇਤੀ ਲਈ ਝੌਂਪੜੀਆਂ ਤਿਆਰ ਕਰਦਾ ਹੈ। ਇਸ ਕੰਮ ਲਈ ਉਹ 375 ਤੂੜੀਆਂ ਦੀਆਂ ਟਰਾਲੀਆਂ ਦੀ ਖਰੀਦ ਕਰਦਾ ਹੈ ਅਤੇ ਵੱਡੇ ਪੱਧਰ 'ਤੇ ਤੂੜੀ ਖਰੀਦ ਵਿਚ ਉਸ ਦੀ ਕਾਫੀ ਬਚਤ ਹੋ ਜਾਂਦੀ ਹੈ। 10 ਸਤੰਬਰ ਤੋਂ ਉਹ ਇਸ ਦੀ ਖੇਤੀ ਦੀ ਸ਼ੁਰੂਆਤ ਕਰਦਾ ਹੈ ਅਤੇ ਇਸ ਕੰਮ ਲਈ ਉਹ ਮਜ਼ਦੂਰਾਂ ਦੀ ਬੁਕਿੰਗ ਛੇ ਮਹੀਨੇ ਪਹਿਲਾਂ ਕਰ ਲੈਂਦਾ ਹੈ। ਖੁੰਬਾਂ ਦੀ ਫਸਲ ਤਿਆਰ ਹੋਣ ਤੋਂ ਬਾਅਦ ਉਹ ਇਸ ਦਾ ਮੰਡੀਕਰਨ ਵੀ ਖੁਦ ਹੀ ਕਰਦਾ ਹੈ। ਉਸ ਨੇ ਦੱਸਿਆ ਕਿ ਵੱਡੀਆਂ ਮੰਡੀਆਂ ਵਿਚ ਜ਼ਿਆਦਾ ਕੀਮਤ ਨਾ ਮਿਲਣ ਕਾਰਨ ਉਸ ਨੂੰ ਪਹਿਲੇ ਸਾਲ ਜ਼ਿਆਦਾ ਮੁਨਾਫਾ ਨਾ ਹੋਇਆ ਤਾਂ ਉਸ ਨੇ ਛੋਟੀਆਂ ਮੰਡੀਆਂ ਜਿਵੇਂ ਮਾਹਿਲਪੁਰ, ਚੱਬੇਵਾਲ, ਬੰਗਾ, ਫਗਵਾੜਾ ਆਦਿ ਨੂੰ ਚੁਣ ਕੇ ਆਪ ਹੀ ਵੇਚਣ ਦਾ ਕੰਮ ਸ਼ੁਰੂ ਕੀਤਾ। ਉਸ ਨੇ ਦੱਸਿਆ ਕਿ ਰੋਜ਼ਾਨਾ ਹੀ ਉਹ ਆਪਣੀ ਕਾਰ ਵਿਚ ਹੀ ਮੰਡੀ ਜਾਂਦਾ ਹੈ ਅਤੇ ਦੁਪਹਿਰ ਬਾਰਾਂ ਵਜੇ ਤੱਕ ਉਹ ਫਸਲ ਵੇਚ ਕੇ ਵਿਹਲਾ ਹੋ ਜਾਂਦਾ ਹੈ ਜਿਸ ਕਾਰਨ ਉਹ ਖੁਸ਼ਹਾਲੀ ਦੇ ਨਾਲ-ਨਾਲ ਸਫਲ ਕਿਸਾਨਾਂ ਦੀ ਸ਼੍ਰੇਣੀ ਵਿਚ ਆਉਣ ਲੱਗਾ ਹੈ।

**ਜ਼ਮੀਨ ਵੇਚਣ ਦਾ ਫੈਸਲਾ**

ਉਨ੍ਹਾਂ ਦੱਸਿਆ ਕਿ ਇਸ ਦਿਨ ਉਹ ਬਾਜ਼ਾਰ ਵਿਚ ਲੋਕਾਂ ਵੱਲ ਫਸੇ ਆਪਣੇ ਦੋ ਲੱਖ ਰੁਪਏ ਦੇ ਕਰੀਬ ਦਾ ਉਧਾਰ ਲੈਣ ਲਈ ਸਾਰਾ ਦਿਨ ਗਾਹਕਾਂ ਕੋਲ ਸਕੂਟਰ 'ਤੇ ਫਿਰਦਾ ਰਿਹਾ ਪਰ ਸ਼ਾਮ ਤੱਕ ਸਿਰਫ ਉਹ ਦੋ ਹਜ਼ਾਰ ਰੁਪਏ ਉਧਾਰ ਹੀ ਇਕੱਠਾ ਕਰ ਸਕਿਆ। ਉਨ੍ਹਾਂ ਦੱਸਿਆ ਕਿ ਉਹ ਇੰਨਾ ਨਿਰਾਸ਼ ਹੋਇਆ ਕਿ ਉਸ ਨੇ ਆਪਣਾ ਬੋਰ ਕਰਨ ਵਾਲਾ ਸਾਰਾ ਸਾਮਾਨ ਆਪਣੇ ਚੇਲੇ ਨੂੰ ਦੇ ਦਿੱਤਾ ਤੇ ਮਾਰਕੰਡਾ ਨਹਿਰ ਕੋਲ ਆਪਣੀ ਥੋੜ੍ਹੀ ਜਿਹੀ ਉਹ ਜ਼ਮੀਨ ਵੇਚਣ ਦਾ ਫੈਸਲਾ ਕੀਤਾ ਜੋ ਪਾਣੀ ਦੀ ਮਾਰ ਹੇਠ ਸੀ।

**56 ਲੱਖ ਦਾ ਕਰਜ਼ਾ ਲੈ ਕੇ ਸ਼ੁਰੂ ਕੀਤਾ ਸੀ ਕੰਮ**

ਬਲਦੇਵ ਸਿੰਘ ਨੇ ਦੱਸਿਆ ਕਿ ਇੱਧਰ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੀ ਮਦਦ ਨਾਲ ਉਸ ਨੇ ਬਲਾਕ ਮਾਹਿਲਪੁਰ ਦੇ ਪਿੰਡ ਠੁਆਣਾ ਵਿਖੇ ਸਾਢੇ ਤਿੰਨ ਏਕੜ ਦੇ ਕਰੀਬ ਥਾਂ ਖਰੀਦਣ ਲਈ ਚਾਰ ਕਿੱਲੇ ਦੇ ਕਰੀਬ ਥਾਂ ਖਰੀਦਣ ਅਤੇ ਪੈਸੇ ਦੇਣ 11 ਮਹੀਨੇ ਦਾ ਸਮਾਂ ਲੈ ਕੇ 56 ਲੱਖ ਦਾ ਬੈਂਕ ਤੋਂ ਕਰਜ਼ਾ ਲਿਆ ਅਤੇ ਇਧਰ ਆ ਕੇ ਝੋਨੇ ਦੀ ਫਸਲ ਦੇ ਖੁੰਬਾਂ ਦੀ ਖੇਤੀ ਕਰਨ ਦਾ ਤਜਰਬਾ ਛੋਟੇ ਪੱਧਰ 'ਤੇ ਕੀਤਾ। ਉਨ੍ਹਾਂ ਦੱਸਿਆ ਕਿ ਉਹ ਝੋਨੇ ਦੀ ਵੀ ਸਿੱਧੀ ਬਿਜਾਈ ਹੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਉਸ ਦੀ ਜ਼ਮੀਨ ਵੀ ਖਰਾਬ ਹੋਈ ਕਰ ਕੋਈ ਸਰਕਾਰੀ ਮਦਦ ਨਾ ਮਿਲੀ ਤਾਂ ਉਸ ਨੇ ਆਪ ਹੀ ਦੋ ਲੱਖ ਰੁਪਏ ਖਰਚ ਕੇ ਜ਼ਮੀਨ ਠੀਕ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਖੁੰਬਾਂ ਦੀ ਖੇਤੀ ਦਾ ਪਹਿਲਾ ਪ੍ਰਯੋਗ ਕੀਤਾ ਤਾਂ ਉਸ ਨੂੰ ਦਸ ਹਜ਼ਾਰ ਦਾ ਮੁਨਾਫਾ ਹੋਇਆ ਜਿਸ ਨਾਲ ਉਸ ਦਾ ਹੌਂਸਲਾ ਵਧ ਗਿਆ।

# ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ

ਸਤਪਾਲ ਸਿੰਘ ਅਤੇ ਅਮਿਤ ਸਲਾਰੀਆ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 81463-55533

**ੳ) ਵਰਖਾ ਰੁੱਤ ਵਿਚ ਕਟੁੰਬਾਂ ਦਾ ਪਾਣੀ ਅਤੇ ਹੁੰਮਸ ਤੋਂ ਬਚਾਅ**

1. **ਕਟੁੰਬਾਂ ਲਈ ਸਹੀ ਜਗ੍ਹਾ ਦੀ ਚੋਣ** : ਕਟੁੰਬ ਹਮੇਸ਼ਾ ਲੋਹੇ ਦੇ ਸਟੈਂਡਾਂ ਤੇ ਟਿਕਾਓ। ਨੀਵੇਂ ਖੇਤਾਂ ਵਿਚ, ਕਟੁੰਬ ਨਾ ਰੱਖੋ। ਮੂਹਰਲਾ ਗੇਟ ਵਾਲਾ ਪਾਸਾ ਥੋੜ੍ਹਾ ਨੀਵਾਂ ਰੱਖੋ।

2. **ਮਿਆਰੀ ਕੁਆਲਟੀ ਦੇ ਬਕਸੇ ਅਤੇ ਉੱਪਰਲਾ ਢੱਕਣ** : ਕਟੁੰਬਾਂ ਲਈ ਕੈਲ ਦੀ ਲੱਕੜ ਬਹੁਤ ਢੁੱਕਵੀਂ ਹੁੰਦੀ ਹੈ। ਬਕਸੇ/ਹਾਈਵ ਦੇ ਉਪਰਲੇ ਢੱਕਣ ਤੇ ਲੱਗੀ ਟਿਨ ਦੀ ਚਾਦਰ ਵੀ ਬਰਸਾਤ ਦੇ ਪਾਣੀ ਨੂੰ ਕਟੁੰਬ ਅੰਦਰ ਦਾਖਲ ਹੋਣ ਤੋਂ ਬਚਾਉਂਦੀ ਹੈ।



3. **ਝੀਥਾਂ ਅਤੇ ਦਰਾੜਾਂ ਨੂੰ ਸੀਲ ਕਰਨਾ** : ਦਰਾੜਾਂ/ਪਾੜਾਂ ਨੂੰ ਮਿੱਟੀ ਨੂੰ ਮਿੱਟੀ ਲੇਪ ਨਾਲ ਜਾਂ ਖਾਸ ਸਥਿਤੀ ਅਨੁਸਾਰ ਤੁਰੰਤ ਬੰਦ ਕਰੋ।

**ਅ) ਕਟੁੰਬ ਦੇ ਅੰਦਰਲੇ ਵਾਤਾਵਰਨ ਨੂੰ ਸੁਖਾਵਾਂ ਰੱਖਣਾ**

1. **ਕਟੁੰਬ ਦਾ ਨਿਰੀਖਣ ਅਤੇ ਬੌਟਮ ਬੋਰਡ ਤੋਂ ਕੂੜੇ-ਕਰਕਟ ਦੀ ਸਫਾਈ** : ਵਰਖਾ ਰੁੱਤ ਦੀ ਸ਼ੁਰੂਆਤ ਵਿਚ ਹੀ ਬੌਟਮ ਬੋਰਡ ਉੱਤੇ ਪਏ ਕੂੜੇ-ਕਰਕਟ ਨੂੰ ਸਾਫ ਕਰੋ। ਝੀਥਾਂ/ਤਰੇੜਾਂ ਵਿਚ ਛਿਪੇ ਮੋਮੀ ਕੀੜਿਆਂ ਦੇ ਅੰਡੇ ਅਤੇ ਸੁੰਡੀਆਂ ਨਸ਼ਟ ਕਰ ਦਿਓ।

2. **ਕਟੁੰਬਾਂ ਦਾ ਹਵਾਦਾਰ ਬਣਾਉਣਾ** : ਕਟੁੰਬਾਂ ਦੇ ਆਲੇ-ਦੁਆਲਿਉਂ ਘਾਹ-ਫੂਸ, ਬੇਲੋੜੀਆਂ ਦਰਖਤਾਂ ਦੀਆਂ ਨੀਵੀਆਂ ਟਾਹਣੀਆਂ/ਰੁਕਾਵਟਾਂ ਆਦਿ ਨੂੰ ਸਾਫ ਕਰ ਕਰ ਦਿਉ। ਤਕੜੇ ਕਟੁੰਬਾਂ ਦੇ ਗੇਟ ਨੂੰ ਖੋਲ ਦਿਉ ਜਾਂ ਲੋੜ ਅਨੁਸਾਰ ਗੇਟ ਵਾਲੀ ਪੂਰੀ ਫੱਟੀ ਕੱਢ ਦਿਓ। ਤਕੜੇ ਕਟੁੰਬਾਂ ਨੂੰ ਸੁਪਰ ਚੈਂਬਰ ਦੇਣ ਨਾਲ ਕਟੁੰਬ ਦੀ ਛੱਤ ਉੱਚੀ ਕੀਤੀ ਜਾ ਸਕਦੀ ਹੈ ਅਤੇ ਲੋੜ ਪੈਣ ਤੇ ਸੁਪਰ ਚੈਂਬਰ ਵਿਚ ਦੂਜਾ ਗੇਟ ਬਣਾ ਕੇ ਕਟੁੰਬ ਨੂੰ ਹੋਰ ਜ਼ਿਆਦਾ ਹਵਾਦਾਰ ਬਣਾਇਆ ਜਾ ਸਕਦਾ ਹੈ। ਬਰੂਡ ਚੈਂਬਰ ਦੀ 10 ਫਰੇਮ ਮੱਖੀ ਵਿੱਚੋਂ 2-3 ਫਰੇਮ ਮੱਖੀ ਕੱਢ ਕੇ ਸੁਪਰ ਚੈਂਬਰ ਵਿੱਚ ਰੱਖੋ।

**ੲ) ਕਟੁੰਬਾਂ ਲਈ ਖੁਰਾਕ ਦਾ ਜ਼ਰੂਰੀ ਪ੍ਰਬੰਧ**

1. **ਕਟੁੰਬ ਦੇ ਅੰਦਰ ਖੁਰਾਕ ਦਾ ਭੰਡਾਰ ਰੱਖਣਾ** : ਬਰਸਾਤ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਦ ਮੱਖੀ ਪਾਲਕ ਯਕੀਨੀ ਬਣਾਉਣ ਕਿ ਕਟੁੰਬਾਂ ਵਿਚ ਮੱਖੀਆਂ ਦੀ ਲੋੜ ਅਨੁਸਾਰ ਸ਼ਹਿਦ ਭੰਡਾਰ ਹੋਣ। ਲੋੜ ਪੈਣ ਤੇ ਸ਼ਹਿਦ ਮੱਖੀ ਪਾਲਕ ਪੱਕੇ ਦੇ ਸੈੱਲਾਂ ਦੀਆਂ ਟੋਪੀਆਂ ਖੋਲ੍ਹ ਕੇ ਸ਼ਹਿਦ ਮੱਖੀਆਂ ਦੀ ਖੁਰਾਕ ਦੀ ਪੂਰਤੀ ਕਰ ਸਕਦੇ ਹਨ।

2. **ਖੰਡ ਦਾ ਘੋਲ ਦੇਣਾ** : ਖੰਡ ਅਤੇ ਪਾਣੀ ਦਾ ਘੋਲ 1 : 1 ਅਨੁਪਾਤ ਵਿਚ ਬਣਾ ਕੇ ਸ਼ਹਿਦ ਮੱਖੀਆਂ ਨੂੰ ਦਿੱਤਾ ਜਾਂਦਾ ਹੈ।

3. **ਪੋਲਨ ਜਾਂ ਪੋਲਨ-ਪੂਰਕ ਖੁਰਾਕ ਦੇਣਾ** : ਪੀ.ਏ.ਯੂ. ਪੋਲਨ ਟਰੈਪ ਦੁਆਰਾ ਇਕੱਠਾ ਕੀਤਾ ਵਾਧੂ ਪੋਲਨ ਛੱਤਿਆਂ ਦੇ ਸੈੱਲਾਂ ਵਿਚ ਥੱਪ-ਥੱਪ ਕੇ ਭਰਿਆ ਜਾ ਸਕਦਾ ਹੈ। ਪੋਲਨ ਦੀ ਅਣਹੋਂਦ ਸਮੇਂ ਪੀ. ਏ. ਯੂ. ਵਲੋਂ ਸਿਫਾਰਸ਼ ਵਿਧੀ ਦੁਆਰਾ ਤਿਆਰ ਪੋਲਨ-ਪੂਰਕ ਖੁਰਾਕ (ਬੀਅਰ ਦੀ ਮਰੀ ਹੋਈ ਖਮੀਰ, ਭੁੱਜੇ ਛੋਲਿਆਂ ਦਾ ਵੇਸਣ, ਸੁੱਕੇ ਦੁੱਧ, ਖੰਡ ਅਤੇ ਪਾਣੀ ਕ੍ਰਮਵਾਰ 42 : 4 : 4 : 25 : 25 ਹਿੱਸੇ) ਮਾਹਿਰਾਂ ਦੀ ਸਲਾਹ ਅਨੁਸਾਰ ਵਰਤੋਂ।

**ਸ) ਸ਼ਹਿਦ ਮੱਖੀ ਕਟੁੰਬਾਂ ਦਾ ਰੌਬਿੰਗ ਅਤੇ ਦੁਸ਼ਮਣਾਂ ਦੇ ਹਮਲਿਆਂ ਤੋਂ ਬਚਾਓ**

1. **ਕਟੁੰਬ ਦਾ ਗੇਟ ਛੋਟਾ ਕਰਨਾ** : ਹਾਈਵ ਦਾ ਗੇਟ ਮਿੱਟੀ ਦੇ ਗਾਰੇ ਨਾਲ ਲਿੱਪ ਕੇ ਛੋਟਾ ਕਰ ਦਿਉ। ਇਸ ਤਰ੍ਹਾਂ ਕਰਨ ਨਾਲ ਪਹਿਰੇਦਾਰ ਮੱਖੀਆਂ ਚੋਰੀ ਕਰ ਰਹੀਆਂ ਮੱਖੀਆਂ ਨੂੰ ਅੰਦਰ ਵੜਨ ਤੋਂ ਚੰਗੀ ਤਰ੍ਹਾਂ ਰੋਕ ਸਕਣਗੀਆਂ।

2. **ਕਟੁੰਬ ਨੂੰ ਇੱਕਸਾਰ ਖੁਰਾਕ ਦੇਣਾ** : ਖੁਰਾਕ ਹਮੇਸ਼ਾ ਸਾਰੇ ਕਟੁੰਬਾਂ ਨੂੰ ਇੱਕੋ ਦਿਨ ਸਿਰਫ ਸ਼ਾਮ ਦੇ ਸਮੇਂ, ਜਦੋਂ ਮੱਖੀਆਂ ਬਾਹਰਲਾ ਕੰਮ ਕਰਨਾ ਬੰਦ ਕਰ ਦੇਣ, ਦੇਣੀ ਚਾਹੀਦੀ ਹੈ ਤਾਂ ਕਿ ਲੁੱਟ-ਖਸੁੱਟ ਲਈ ਬਾਹਰੋਂ ਮੱਖੀਆਂ ਨੂੰ ਸੂਹ ਲੈਣ ਦਾ ਮੌਕਾ ਹੀ ਨਾ ਮਿਲੇ।

3. **ਵੱਧ ਬੱਲਤਾਂ ਵਾਲੇ ਤਕੜੇ ਕਟੁੰਬ ਰੱਖਣਾ** : ਵਰਖਾ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਮਜ਼ੋਰ ਕਟੁੰਬਾਂ ਨੂੰ ਆਪਸ ਵਿਚ ਅਤੇ ਰਾਣੀ ਰਹਿਤ ਕਟੁੰਬਾਂ ਨੂੰ ਰਾਣੀ ਸਹਿਤ ਕਟੁੰਬਾਂ ਨਾਲ ਮਿਲਾ ਦਿਉ। ਕਟੁੰਬਾਂ ਨੂੰ ਮਿਲਾਉਣ ਲਈ ਸਿਫਾਰਸ਼ ਕੀਤੇ ਅਖਬਾਰ ਵਾਲੇ ਢੰਗ ਦੀ ਵਰਤੋਂ ਕਰੋ।

4. **ਖੁਰਾਕ ਦੀ ਸ਼ੁਰੂ ਹੋਈ ਲੁੱਟ-ਖਸੁੱਟ ਨੂੰ ਬੰਦ ਕਰਨਾ** : ਜੇਕਰ ਰੌਬਿੰਗ ਬਹੁਤ ਹੀ ਜ਼ਿਆਦਾ ਹੋ ਰਹੀ ਹੋਵੇ ਤਾਂ ਚੋਰੀ ਹੋ ਰਹੇ ਕਟੁੰਬ ਦਾ ਗੇਟ ਕੁਝ ਚਿਰ ਲਈ ਜਾਲੀ ਨਾਲ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਗਿੱਲੇ ਘਾਹ ਨੂੰ ਕਾਰਬੋਲਿਕ ਐਸਿਡ (1%), ਮਿੱਟੀ ਦੇ ਤੇਲ ਜਾਂ ਫੀਨਾਇਲ ਵਿਚ ਡੁਬੋ ਕੇ ਹਾਈਵ ਦੇ ਗੇਟ ਤੇ ਰੱਖਣਾ ਚਾਹੀਦਾ ਹੈ। ਜੇਕਰ ਇਨ੍ਹਾਂ ਉਪਰਾਲਿਆਂ ਨਾਲ ਵੀ ਰੌਬਿੰਗ ਬੰਦ ਨਾ ਹੋਵੇ ਤਾਂ ਰੌਬਿੰਗ ਕਰ ਰਹੇ ਕਟੁੰਬ ਨੂੰ ਲੱਭ ਕੇ ਰਾਤ ਦੇ ਸਮੇਂ ਘੱਟੋ-ਘੱਟ ਤਿੰਨ ਕਿਲੋਮੀਟਰ ਦੀ ਦੂਰੀ ਤੇ ਲੈ ਜਾਣਾ ਚਾਹੀਦਾ ਹੈ। ਜੇਕਰ ਹਾਈਵ ਨੂੰ ਦੂਰ ਲੈ ਜਾਣ ਦਾ ਪ੍ਰਬੰਧ ਨਾ ਹੋਵੇ ਤਾਂ ਚੋਰੀ ਹੋ ਰਹੇ ਅਤੇ ਚੋਰੀ ਕਰ ਰਹੇ ਕਟੁੰਬਾਂ ਦੀ ਆਪਸ ਵਿੱਚ ਜਗ੍ਹਾ ਬਦਲਣ ਨਾਲ ਵੀ ਰੌਬਿੰਗ ਬੰਦ ਕੀਤੀ ਜਾ ਸਕਦੀ ਹੈ।

5. **ਵਾਧੂ ਖਾਲੀ ਛੱਤੇ ਸੰਭਾਲਣਾ** : ਖਾਲੀ ਛੱਤੇ ਕਟੁੰਬ ਵਿੱਚੋਂ ਕੱਢ ਕੇ ਸਿਫਾਰਿਸ਼ ਕੀਤੀ ਵਿਧੀ ਅਨੁਸਾਰ ਸੁਪਰ ਚੈਂਬਰਾਂ ਵਿਚ ਸਲਫਰ ਦੀ ਧੂਣੀ ਦੇ ਸਾਂਭ ਦਿਓ।

### ਲਾਹੇਵੰਦ ਹੋ ਸਕਦੈ

# ਬੇ-ਮੌਸਮੀ ਸਬਜ਼ੀਆਂ ਦੀ ਪਨੀਰੀ ਵੇਚਣ ਦਾ ਕਾਰੋਬਾਰ

ਪੰਜਾਬ ਵਿਚ ਬਹੁ-ਗਿਣਤੀ ਕਿਸਾਨ ਅਤੇ ਸਬਜ਼ੀ ਕਾਸ਼ਤਕਾਰ ਪਨੀਰੀ ਰਾਹੀਂ ਪੈਦਾ ਹੋਣ ਵਾਲੀਆਂ ਫਸਲਾਂ ਦੀ ਬਿਜਾਈ ਕਰਨ ਲਈ ਬਾਜ਼ਾਰ 'ਚੋਂ ਤਿਆਰ ਪਨੀਰੀ ਅਤੇ ਵੇਲਾਂ ਖਰੀਦ ਕੇ ਖੇਤਾਂ 'ਚ ਬੀਜਦੇ ਹਨ। ਜਿਵੇਂ ਕਿ ਬਾਗਬਾਨੀ ਨਾਲ ਸਬੰਧਿਤ ਬੂਟਿਆਂ ਦੀਆਂ ਕਲਮਾਂ, ਗਰਮੀ ਰੁੱਤ ਦੀਆਂ ਸਬਜ਼ੀ ਦੀ ਕਾਸ਼ਤ ਕਰਨ ਲਈ ਪਨੀਰੀ, ਕਈ ਕਿਸਮ ਦੇ ਕੱਦੂ ਜਾਤੀ ਦੀਆਂ ਤਿਆਰ ਵੇਲਾਂ ਕਿਸਾਨਾਂ ਨੂੰ ਬਾਜ਼ਾਰ ਵਿਚੋਂ ਮਿਲਦੀਆਂ ਹਨ। ਇਸ ਤੋਂ ਬਿਨਾਂ ਮਿਰਚਾਂ, ਕਰੇਲੇ, ਗੋਭੀ, ਪਿਆਜ਼ ਆਦਿ ਵਰਗੀਆਂ ਬਹੁਤ ਸਾਰੀਆਂ ਅਜਿਹੀਆਂ ਕਿਸਮਾਂ ਹਨ। ਜਿਨ੍ਹਾਂ ਦੀ ਕਾਸ਼ਤ ਕਰਕੇ ਅੱਗੇ ਵੇਚਣ ਦਾ ਵਧੀਆ ਕਾਰੋਬਾਰ ਕੀਤਾ ਜਾ ਸਕਦਾ ਹੈ।

ਕੱਦੂ ਜਾਤੀ ਦੀਆਂ ਤਿੰਨ/ਚਾਰ ਪੱਤਿਆਂ ਤੱਕ ਪਹੁੰਚਣ ਵਾਲੀਆਂ ਵੇਲਾਂ ਆਮ



ਹੀ ਬਾਜ਼ਾਰ ਵਿਚ ਮਿਲਦੀਆਂ ਹਨ। ਜਿਨ੍ਹਾਂ ਨੂੰ ਅਗੇਤੀਆਂ ਹੀ ਸ਼ੈਡਾਂ/ਪਲਾਸਟਿਕ ਦੀਆਂ ਸ਼ੀਟਾਂ ਆਦਿ ਹੇਠਾਂ ਸਰਦੀ ਦੇ ਮੌਸਮ ਵਿਚ ਹੀ ਉਗਾਇਆ ਜਾਂਦਾ ਹੈ। ਕਿਉਂਕਿ ਗਰਮ ਰੁੱਤ ਦੀਆਂ ਫਸਲਾਂ ਨੂੰ ਠੰਡਾ ਮੌਸਮ ਉੱਗਣ ਲਈ ਦਿੰਦਾ। ਜੇਕਰ ਇਨ੍ਹਾਂ ਸਬਜ਼ੀਆਂ ਨੂੰ ਪੈਦਾ ਕਰਕੇ ਸਿਆਲ ਵਿਚ ਵੇਚਿਆ ਜਾਵੇ ਤਾਂ ਕਿਸਾਨਾਂ ਨੂੰ ਵਧੀਆ ਮੁੱਲ ਮਿਲ ਸਕਦਾ ਹੈ। ਗਰਮੀ ਰੁੱਤ ਦੀਆਂ ਸਬਜ਼ੀਆਂ ਨੂੰ ਠੰਡ ਦੇ ਮੌਸਮ ਵਿਚ ਪੈਦਾ ਕਰਨ ਦੀ ਵਿਗਿਆਨਕਾਂ ਨੇ ਖੋਜ ਕੀਤੀ ਹੈ। ਜਿਸ ਦੌਰਾਨ ਕੱਦੂ ਜਾਤੀ ਦੀਆਂ ਸਬਜ਼ੀਆਂ ਸਿਆਲ ਵਿਚ ਪੈਦਾ ਕੀਤੀਆਂ ਜਾਂ ਸਕਦੀਆਂ ਹਨ। ਇਸ ਤਕਨੀਕ ਰਾਹੀਂ ਕਿਸਾਨ ਸਰਦੀ ਦੇ ਮੌਸਮ ਵਿਚ ਖੀਰਾ, ਕੱਕੜੀ, ਤਰਬੂਜ਼, ਖਰਬੂਜਾ ਤੇ ਟਿੰਡਾ ਆਦਿ ਵਰਗੀਆਂ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਕਰ ਸਕਦੇ ਹਨ।

ਆਮ ਤੌਰ 'ਤੇ ਕਿਸਾਨ ਸਰਦੀਆਂ ਵਿਚ ਕੱਦੂ ਜਾਤੀ ਦੀਆਂ ਵੇਲਾਂ ਨੂੰ ਠੰਡ ਤੋਂ ਬਚਾਉਣ ਲਈ ਖਾਦਾਂ ਅਤੇ ਪਰਾਲੀ ਬਗੈਰਾ ਦਾ ਪ੍ਰਬੰਧ ਕਰਦੇ ਹਨ। ਜਿਹੜਾ ਜ਼ਿਆਦਾ ਖਰਚ ਅਤੇ ਮਿਹਨਤ ਵਾਲਾ ਕੰਮ ਹੈ। ਇਹ ਢੰਗ ਜ਼ਿਆਦਾ ਵਧੀਆ ਨਾ ਹੋਣ ਕਰਕੇ ਵੇਲਾਂ ਦਾ ਵਿਕਾਸ ਥੋੜ੍ਹਾ ਹੁੰਦਾ ਹੈ। ਜਿਸ ਕਰਕੇ ਕਿਸਾਨਾਂ ਨੂੰ ਅਗੇਤੀ ਫਸਲ ਲੈਣ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ। ਖੇਤੀ ਖੋਜਕਾਰਾਂ ਨੇ ਪਲਾਸਟਿਕ ਸ਼ੀਟ ਦੇ ਅੰਦਰ ਗਰਮੀ ਰੁੱਤ ਦੀਆਂ ਸਬਜ਼ੀਆਂ ਬੀਜਣ ਨੂੰ ਤਰਜੀਹ ਦਿੱਤੀ ਹੈ। ਇਸ ਨੂੰ ਆਮ ਤੌਰ 'ਤੇ ਪੋਲੋਥੀਨ ਹਾਊਸ ਕਿਹਾ ਜਾਂਦਾ ਹੈ।

ਅਗੇਤੀਆਂ ਸਬਜ਼ੀਆਂ ਦੀ ਪੈਦਾਵਾਰ ਕਰਨ ਵਾਲੇ ਕਿਸਾਨ ਪੋਲੋਥੀਨ ਦੀ ਵਰਤੋਂ ਕਰਨ ਲੱਗੇ ਹੋਏ ਹਨ। ਗਰਮੀ ਰੁੱਤ ਦੀਆਂ ਸਬਜ਼ੀਆਂ ਬੀਜਣ ਲਈ ਅੱਧਾ ਫੁੱਟ ਡੂੰਘੀ ਅਤੇ ਦੋ ਫੁੱਟ ਚੌੜੀ ਕਿਆਰੀ ਤਿਆਰ ਕੀਤੀ ਜਾਂਦੀ ਹੈ। ਜਿਸ ਵਿਚ 10 ਤੋਂ ਲੈ ਕੇ 20 ਦਸੰਬਰ ਤੱਕ ਬੀਜ ਬੀਜੇ ਜਾਂਦੇ ਹਨ। ਬੀਜਾਂ ਨੂੰ ਬੀਜਣ ਤੋਂ ਪਹਿਲਾਂ ਕਿਆਰੀਆਂ ਵਿਚ ਲੋੜੀਂਦੀ ਦੇਸੀ ਖਾਦ ਜ਼ਰੂਰ ਪਾ ਦੇਣੀ ਚਾਹੀਦੀ ਹੈ। ਜੇਕਰ ਪੋਲੋਥੀਨ ਹਾਊਸ ਪੱਕੇ ਤੌਰ 'ਤੇ ਨਾ ਬਣਾਇਆ ਹੋਵੇ ਤਾਂ 6 ਐਮ. ਐਮ. ਦੇ ਸਰੀਏ ਗੋਲ ਮੋੜ ਕੇ ਡੇਢ ਮੀਟਰ ਦੇ ਫਾਸਲੇ ਤੇ ਲਾ ਕੇ 40 ਮਾਈਕ੍ਰੋਨ ਦੀ ਪਾਰਦਰਸ਼ੀ ਸ਼ੀਟ 'ਤੇ ਪਾ ਦੇਣੀ ਚਾਹੀਦੀ ਹੈ। ਧਿਆਨ ਰੱਖਣ ਯੋਗ ਗੱਲ ਹੈ ਕਿ ਉੱਤਰ ਦਿਸ਼ਾ ਵਾਲੇ ਪਾਸਿਓਂ ਸ਼ੀਟ ਨੂੰ ਮਿੱਟੀ ਨਾਲ ਚੰਗੀ ਤਰ੍ਹਾਂ ਦੱਬ ਦੇਣਾ ਚਾਹੀਦਾ ਹੈ ਅਤੇ ਦੱਖਣ ਵਾਲਾ ਪਾਸਾ ਕੁਝ ਦਿਨ ਬਾਅਦ ਦੱਬ ਦਿਓ।

ਵਧੇਰੇ ਠੰਡੀਆਂ ਹਵਾਵਾਂ ਉੱਤਰ ਵਾਲੇ ਪਾਸਿਓਂ ਆਉਂਦੀਆਂ ਹਨ। ਜਿਸ ਕਰਕੇ ਪੋਲੋਥੀਨ ਸ਼ੀਟ ਚੰਗੀ ਤਰ੍ਹਾਂ ਦੱਬ ਦੇਣੀ ਚਾਹੀਦੀ ਹੈ। ਸੀਟ ਤੇ ਕਿਆਰਿਆਂ 'ਤੇ ਪੈਣ ਨਾਲ ਤਾਪਮਾਨ ਵਧਣ ਕਰਕੇ ਵੇਲਾਂ ਵਿਚ ਵਾਧਾ ਬਹੁਤ ਛੇਤੀ ਹੁੰਦਾ ਹੈ। ਫਰਵਰੀ ਮਹੀਨੇ ਵਿਚ ਮੌਸਮ ਤਬਦੀਲ ਹੋਣ ਕਰਕੇ ਦਿਨ ਸਮੇਂ ਸੀਟ ਚੁੱਕ ਦੇਣੀ ਚਾਹੀਦੀ ਹੈ ਅਤੇ ਰਾਤ ਨੂੰ ਦੁਬਾਰਾ ਫੇਰ ਪਾ ਦਿਓ। ਇਸ ਢੰਗ ਨਾਲ ਕਿਸਾਨ ਫਰਵਰੀ-ਮਾਰਚ ਦੇ ਮਹੀਨੇ ਕੱਦੂ ਜਾਤੀ ਦੀਆਂ ਅਗੇਤੀਆਂ ਸਬਜ਼ੀਆਂ ਪੈਦਾ ਕਰਕੇ ਵੱਧ ਮੁਨਾਫਾ ਲੈ ਸਕਦੇ ਹਨ।

ਪਲਾਸਟਿਕ ਸ਼ੀਟ ਦੀ ਵਰਤੋਂ ਕਰਨ ਨਾਲ ਗਰਮੀ ਰੁੱਤ ਦੀਆਂ ਸਬਜ਼ੀਆਂ ਖੀਰਾ, ਕੱਕੜੀਆਂ ਆਦਿ ਆਮ ਫਸਲ ਨਾਲੋਂ 45 ਦਿਨ ਪਹਿਲਾਂ ਤਿਆਰ ਹੋ ਜਾਂਦੀਆਂ ਹੈ। ਜਿਸ ਕਰਕੇ ਕਿਸਾਨ ਗਰਮੀ-ਸਰਦੀ ਵਾਲੀਆਂ ਅਗੇਤੀਆਂ ਸਬਜ਼ੀਆਂ ਦੀ ਪਨੀਰੀ ਵਾਲੀਆਂ ਵੇਲ੍ਹਾਂ/ਪਨੀਰੀ ਆਦਿ ਵੇਚ ਸਕਦੇ ਹਨ।

**ਬ੍ਰਿਸ ਭਾਨ ਬੁਜਰਕ, ਪਾਤੜਾਂ**

# ਅਲੋਪ ਹੋ ਰਹੇ ਰੁੱਖ, ਪੁਰਾਤਨ ਗੀਤ ਅਤੇ ਸਾਵਣ

ਗੁਰਮੁੱਖ ਸਿੰਘ ਲਾਲੀ (ਸਟੇਟ ਐਵਾਰਡੀ), ਪੁਰਾਤਨ ਸੰਗੀਤਕ ਲਾਇਬ੍ਰੇਰੀ, ਪਿੰਡ ਤੇ ਡਾਕ: ਸ਼ੇਰ ਸਿੰਘ ਪੁਰਾ (ਬਰਨਾਲਾ)। ਮੋ. 98720-29407

ਦੁਨੀਆਂ ਭਰ ਦੇ ਬਨਸਪਤੀ ਵਿਗਿਆਨੀ ਇਸ ਨਿਰਣੇ 'ਤੇ ਪਹੁੰਚੇ ਹਨ ਕਿ ਕਿਸੇ ਖਿੱਤੇ ਵਿਚ ਜੀਵਾਂ, ਪਸ਼ੂ-ਪੰਛੀਆਂ ਅਤੇ ਮਨੁੱਖਾਂ ਦੇ ਰਹਿਣ ਲਈ ਉਸ ਥਾਂ ਉੱਤੇ 33 ਫੀਸਦੀ ਰੁੱਖ ਹੋਣੇ ਜ਼ਰੂਰੀ ਹਨ। ਰੁੱਖਾਂ ਦਾ ਘਾਟਾ ਵਾਤਾਵਰਨ ਦੇ ਦੂਸ਼ਿਤ ਹੋਣ ਵਿਚ ਮੁੱਖ ਰੋਲ ਅਦਾ ਕਰਦਾ ਹੈ। ਉੱਤਰੀ ਭਾਰਤ ਵਿਚੋਂ ਅੱਜਕਲ੍ਹ ਰੰਗਲਾ ਪੰਜਾਬ ਸਭ ਤੋਂ ਵਧ ਦੂਸ਼ਿਤ ਪ੍ਰਦੇਸ਼ ਹੈ। ਮੁੱਖ ਕਾਰਨ ਦੋ ਹਨ ਪਹਿਲਾ ਰੁੱਖਾਂ ਦੀ ਬੇਹੱਦ ਘਾਟ, ਦੂਜਾ ਮਨੁੱਖਾਂ ਦੁਆਰਾ ਕੁਦਰਤੀ ਸਰੋਤਾਂ ਵਿਚ ਸੁੱਟੀ ਗਈ ਗੰਦਗੀ। ਇਸ ਦੇ ਨਾਲ-ਨਾਲ ਫਸਲਾਂ ਉੱਪਰ ਕੈਮੀਕਲਾਂ ਦਾ ਛਿੜਕਾਅ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਲਗਾਈ ਅੱਗ ਨੂੰ ਵੀ ਇਸੇ ਲੜੀ ਤਹਿਤ ਵੇਖਿਆ ਜਾ ਸਕਦਾ ਹੈ।

ਸੰਗੀਤ ਨਾਲ ਮਨੁੱਖ ਦੀ ਸਾਂਝ ਮੁੱਢ-ਕਦੀਮ ਤੋਂ ਹੈ। ਜੇਕਰ ਕਿਸੇ ਦੇਸ਼ ਜਾਂ ਪ੍ਰਦੇਸ਼ ਦੇ ਕਿਸੇ ਸਮੇਂ ਦੀ ਆਰਥਿਕ, ਸਮਾਜਿਕ, ਕਿੱਤੇ ਪਹਿਰਾਵੇ, ਵਾਤਾਵਰਨ ਬਾਰੇ ਜਾਣਕਾਰੀ ਹਾਸਲ ਕਰਨੀ ਹੋਵੇ ਤਾਂ ਉੱਥੋਂ ਦੇ ਇਕ ਦਹਾਕੇ ਦੇ ਗੀਤਾਂ ਨੂੰ ਸੁਣ ਕੇ ਸਾਰੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

ਸਾਉਣ ਦਾ ਮਹੀਨਾ ਜੀਵ-ਜੰਤੂਆਂ, ਮਨੁੱਖਾਂ, ਬਨਸਪਤੀ ਤੇ ਮੌਲਣ ਤੇ ਵਿਗਸਣ ਦਾ ਮਹੀਨਾ ਹੁੰਦਾ ਹੈ। ਇਸ ਵਿਚ ਡੱਡੂਆਂ ਦੀ ਟੈਂਅ-ਟੈਂਅ, ਪਪੀਹੇ ਦੀ ਪੀਂ...ਪੀਂ....., ਮੋਰਾਂ ਦੀ ਕਿਆਓਂ-ਕਿਆਓਂ, ਕੋਇਲ ਦੀ ਕੂ-ਕੂ ਮਨੁੱਖੀ ਮਨ ਨੂੰ ਮੰਤਰ-ਮੁਗਧ ਕਰ ਦਿੰਦੀ ਹੈ। ਪੰਜਾਬ ਵਿਚ ਪਹਿਲਾਂ ਵੀ ਕਾਲੀਆਂ ਘਟਾਵਾਂ ਚੜ੍ਹਦੀਆਂ ਰਹੀਆਂ ਹਨ, ਛਮ-ਛਮ ਮੀਂਹ ਵਰਸਦੇ ਹਨ। ਹੁਣ ਰੁੱਖਾਂ ਦੀ ਅਣਹੋਂਦ ਹੈ। ਪੰਜਾਬ ਵਿਚ ਨਵੇਂ ਰੁੱਖ ਨਹੀਂ ਲੱਗ ਰਹੇ, ਪੁਰਾਣੇ ਬੇਰਹਿਮੀ ਨਾਲ ਕੱਟੇ ਜਾ ਰਹੇ ਹਨ। ਸਾਉਣ ਦੇ ਇਸ ਖੁਸ਼ਗਵਾਰ ਮਹੀਨੇ ਵਿਚ ਅਸੀਂ ਇਸ ਲੇਖ ਰਾਹੀਂ ਪੰਜਾਬ ਦੇ ਉਨ੍ਹਾਂ ਰੁੱਖਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਦੀ ਪੁਰਾਤਨ ਪੰਜਾਬੀ ਸੰਗੀਤ ਵਿਚ ਭਰਪੂਰ ਹਾਜ਼ਰੀ ਲੱਗੀ ਸੀ। ਪਰ ਅੱਜਕਲ੍ਹ ਪੰਜਾਬ ਵਿਚੋਂ ਜਾਂ ਤਾਂ ਅਲੋਪ ਹੋ ਚੁੱਕੇ ਹਨ ਜਾਂ ਖਾਤਮੇ ਦੇ ਕੰਢੇ 'ਤੇ ਖੜ੍ਹੇ ਹਨ।

ਅਸੀਂ ਸ਼ੁਰੂਆਤ ਵਣ ਦੇ ਰੁੱਖ ਤੋਂ ਕਰ ਰਹੇ ਹਾਂ, ਜੋ ਲਗਭਗ ਅਲੋਪ ਹੋਣ ਕਿਨਾਰੇ ਹੈ। ਇਹ ਖੁਸ਼ਕ ਅਤੇ ਮਾਰੂ ਇਲਾਕੇ ਦਾ ਰੁੱਖ ਹੈ। ਇਸ ਨੂੰ ਪੀਲਾਂ ਜਾਂ ਪੀਲੂ ਨਾਂਅ ਦਾ ਫਲ ਲਗਦਾ ਸੀ, ਜਿਸ ਨੂੰ ਖਾਣ ਦਾ ਵੱਲ ਸਿੱਖਣਾ ਪੈਂਦਾ ਸੀ। ਇਸ ਸੰਬੰਧੀ ਜੋ ਪੁਰਾਤਨ ਗੀਤ ਸਾਡੇ ਕੋਲ ਹਨ, ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਮੁਹੰਮਦ ਸਦੀਕ-ਰਣਜੀਤ ਕੌਰ ਦੇ ਦੋਗਾਣੇ ਦਾ ਜ਼ਿਕਰ ਕਰ ਰਹੇ ਹਾਂ, ਜਿਸ ਦੇ ਬੋਲ ਸਨ :

ਵਣ ਵਿਚ ਬੋਲੇ ਕੋਚਰੀ ਤੇ ਵਣ ਵਿਚ ਬੋਲੇ ਬਿੰਡਾ

ਦਿਲ ਦੀ ਘੁੰਡੀ ਖੋਲ੍ਹ ਪਾਪੀਆ ਗਾਲ੍ਹਾ ਕਾਹਨੂੰ ਦਿੰਦਾ।

ਪ੍ਰਸਿੱਧ ਗਾਇਕ ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ ਦਾ ਇਸ ਰੁੱਖ ਸੰਬੰਧੀ ਇਕ ਰਿਕਾਰਡ ਗੀਤ ਹੈ :

ਵਣ ਵਿਚ ਬੋਲੇ ਕੋਚਰੀ ਤੇ ਵਣ ਵਿਚ ਬੋਲੇ ਬਿੰਡਾ

ਘਸੁੰਨ ਜਿਹੇ ਦੀ ਮਿਨਤ ਕਰਾਂ, ਮੈਨੂੰ ਪੇਕੇ ਜਾਣ ਨਹੀਂ ਦਿੰਦਾ।

ਸਰੂ ਇਕ ਅਜਿਹਾ ਪੁਰਾਤਨ ਰੁੱਖ ਹੈ, ਜਿਸ ਦੀ ਲੰਬਾਈ ਬਹੁਤ ਜ਼ਿਆਦਾ ਹੁੰਦੀ ਸੀ। ਇਸ ਰੁੱਖ ਦੇ ਨਾਂ ਦੀ ਵਰਤੋਂ ਉੱਚੇ-ਲੰਮੇਂ ਮੁੰਡੇ-ਕੁੜੀਆਂ ਨਾਲ ਕੀਤੀ ਜਾਂਦੀ ਸੀ। ਮਾਲਵੇ ਵਿਚ ਉੱਚੇ ਅਹੁਦੇ ਉੱਪਰ ਬੈਠੇ ਅਧਿਕਾਰੀਆਂ ਲਈ ਵੀ ਇਸ ਦੇ ਨਾਂਅ ਦੀ ਵਰਤੋਂ ਕੀਤੀ ਜਾਂਦੀ ਸੀ, ਜਦੋਂ ਉਹ ਆਮ ਲੋਕਾਈ ਦੇ ਕੰਮ-ਧੰਦੇ ਨਹੀਂ ਕਰਦੇ। ਉਨ੍ਹਾਂ ਲੀਡਰਾਂ, ਅਧਿਕਾਰੀਆਂ ਨੂੰ 'ਸਰੂ' ਜਾਂ ਦਰਸ਼ਨੀ ਘੋੜਾ ਆਖਿਆ ਜਾਂਦਾ ਸੀ। ਇਸ ਰੁੱਖ ਸੰਬੰਧੀ ਜੋ ਗੀਤ ਉਪਲੱਬਧ ਹੈ, ਉਹ ਇਕ ਬੰਗਾਲਣ ਗਾਇਕਾ ਗਾਇਤਰੀ ਬੋਸ ਨੇ ਇਕ ਪੰਜਾਬੀ ਫਿਲਮ 'ਨਿੱਕੀ' ਵਿਚ ਗਾਇਆ ਸੀ। ਬੋਲ ਸਨ :

ਮਾਹੀ ਹੁੰਦਾ ਜੇ ਸਰੂ ਦਾ ਬੂਟਾ, ਬੱਲੇ ਬੱਲੇ।

ਵਿਹੜੇ ਵਿਚ ਲਾਈ ਰੱਖਦੀ, ਬੱਲੇ



ਬੱਲੇ।

ਇਕ ਪੰਜਾਬੀ ਦੋਗਾਣਾ ਲਾਊਡ ਸਪੀਕਰਾਂ 'ਤੇ ਖੂਬ ਵੱਜਿਆ, ਗਾਇਕ ਸੀ ਫਕੀਰ ਸਿੰਘ ਫਕੀਰ ਅਤੇ ਨਰਿੰਦਰ ਬੀਬਾ ਜੀ, ਲਫਜ਼ ਸਨ :

ਸਰੂ ਜਿਹੀ ਨਾਰ ਤੂੰ ਲਿਆਦੇ ਭਾਬੀਏ।

ਨੀ ਮੁੰਡੇ ਪਿੰਡ ਦੇ ਵਿਆਹੇ ਗਏ ਸਾਰੇ।

ਕਰੀਰ ਪੰਜਾਬ ਦਾ ਪੁਰਾਤਨ ਰੁੱਖ ਸੀ। ਇਸ ਨੂੰ ਡੇਲੇ ਲਗਦੇ ਸਨ ਜੋ ਆਚਾਰ ਦੇ ਕੰਮ ਆਉਂਦੇ ਸਨ। ਇਸ ਉੱਪਰ ਸੇਵੀਆਂ ਸੁਕਾਈਆਂ ਜਾਂਦੀਆਂ ਸਨ। ਪੰਜਾਬੀ ਗਾਇਕਾ ਨਰਿੰਦਰ ਬੀਬਾ ਦਾ ਪ੍ਰਸਿੱਧ ਗੀਤ ਸੀ ਅਲਫਾਜ਼ ਸਨ :

ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ।

ਇਸ ਰੁੱਖ ਸੰਬੰਧੀ ਇਕ ਹੋਰ ਦੋਗਾਣਾ ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ, ਬੋਲ ਸਨ :

ਬੈਠ ਕੇ ਇੱਕਲੇ, ਰੰਢ ਉਮਰਾਂ ਦੀ ਪਾਈ।

ਬਹਿ ਕੇ ਛਾਵੇਂ ਕਰੀਰ ਦੇ ਦੋਸਤੀ ਲਾਈ।

ਲਸੂੜਾ ਵੀ ਮੁੱਢੋਂ-ਸੁੱਢੋਂ ਪੰਜਾਬ ਨਾਲ ਜੁੜਿਆ ਰਿਹਾ ਹੈ। ਇਸ ਰੁੱਖ ਵਿਚ ਕਈ ਗੁਣ ਸਨ। ਇਸ ਦੀਆਂ ਦੋ ਨਸਲਾਂ ਹਨ ਦੇਸੀ ਲਸੂੜਾ ਅਤੇ ਕਾਬਲੀ ਲਸੂੜਾ। ਪੁਰਾਤਨ ਸਮੇਂ ਇਹ ਪੰਜਾਬ ਦੇ ਬੱਚਿਆਂ ਦਾ ਮਨਭਾਉਂਦਾ ਫਲ ਸੀ, ਕਿਤਾਬ ਜੋੜਨ ਲਈ ਗੂੰਦ ਦਾ ਕੰਮ ਦਿੰਦਾ ਸੀ। ਰਾਜਸਥਾਨ, ਹਿਮਾਚਲ, ਹਰਿਆਣਾ ਵਿਚ ਇਸ ਦੀ ਸਬਜ਼ੀ ਅਤੇ ਆਚਾਰ ਬਣਾਇਆ ਜਾਂਦਾ ਸੀ। ਇਹ ਦਾ ਦੇਸੀ ਦਵਾਈਆਂ ਵਿਚ ਸ਼ੁਮਾਰ ਹੈ। ਇਸ ਤੋਂ ਕਈ ਸੰਗੀਤਕ ਸਾਜ਼ ਬਣਦੇ ਹਨ। ਇਸ ਨੂੰ ਪਿੰਡਾਂ ਵਿਚ ਲਸੂੜਾ ਵੀ ਕਿਹਾ ਜਾਂਦਾ ਹੈ। ਮੁਹੰਮਦ ਸਦੀਕ ਅਤੇ ਨਰਿੰਦਰ ਬੀਬਾ ਦਾ ਇਕ ਦੋਗਾਣਾ ਮੌਜੂਦ ਹੈ :

ਨਰਿੰਦਰ ਬੀਬਾ ਕਹਿੰਦੀ ਹੈ:<br>ਕੀਹਦੀ ਖਾਤਰ ਜਿਉਣ ਜੋਗਿਆ<br>ਲਾ ਕੇ ਗਿਆ ਲਸੂੜਾ।

ਮੁਹੰਮਦ ਸਦੀਕ ਦਾ ਜਵਾਬ ਹੈ :

ਆਊਂ ਵਲੈਤੋਂ ਜਾ, ਲੈ ਕੇ ਆਊਂ ਪੰਘੂੜਾ।

ਜੰਡ ਦਾ ਰੁੱਖ ਪੰਜਾਬ ਦੇ ਸਾਹਿਤ, ਸੰਗੀਤ ਵਿਚ ਰਚਿਆ-ਮਿਚਿਆ ਹੋਇਆ ਹੈ। ਇਸ ਦੀਆਂ ਫਲੀਆਂ ਮਿੱਠੀਆਂ ਹੁੰਦੀਆਂ ਹਨ। ਇਸ ਦੀ ਪੂਜਾ ਵੀ ਹੁੰਦੀ ਹੈ। ਸੜਕਾਂ ਜਾਂ ਵੀਰਾਨ ਥਾਵਾਂ ਉੱਪਰ ਇਸ ਦੀ ਮੌਜੂਦਗੀ ਵੇਖੀ ਜਾ ਸਕਦੀ ਹੈ। ਗਾਣੇ ਅਨੇਕ ਹਨ ਪਰ ਇਸ ਸੰਬੰਧੀ ਇਕ ਗੀਤ ਕੁਲਦੀਪ ਮਾਣਕ ਦੀ ਆਵਾਜ਼ ਵਿਚ ਉਪਲੱਬਧ ਹੈ। ਉਸ ਦੇ ਬੋਲ ਸਨ :

ਜੱਟ ਹੇਠ ਜੰਡੋਰੇ (ਜੰਡ) ਦੇ,<br>ਸੌਂ ਗਿਆ ਪੱਟ ਦਾ ਸਿਰ੍ਹਾਣਾ ਲਾ ਕੇ।

ਤੂਤ (ਸ਼ਹਿਤੂਤ) ਵੀ ਪੰਜਾਬ ਨੂੰ ਜਲਦ ਅਲਵਿਦਾ ਆਖ ਰਿਹਾ ਜਾਪਣ ਲੱਗਾ ਹੈ। ਇਸ ਦੀ ਸੰਘਣੀ ਛਾਂ, ਇਸ ਦਾ ਫਲ ਤੂਤੀਆਂ, ਇਸ ਦੀਆਂ ਛਟੀਆਂ ਤੋਂ ਟੋਕਰੇ (ਮਾਗਰੇ) ਬਣਾਉਣੇ, ਇਸ ਦਾ ਤਣਾਂ ਮਜ਼ਬੂਤ ਹੋਣਾ, ਵਿਆਂਦੜ ਲਾੜੇ-ਲਾੜੀ ਵੱਲੋਂ ਛਟੀਆਂ ਖੇਡਣਾ ਇਸ ਰੁੱਖ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ। ਇਸ ਸੰਬੰਧੀ ਪੰਜਾਬੀ ਫਿਲਮ 'ਸਰਪੰਚ' ਵਿਚਲੇ ਮਹਿੰਦਰ ਕਪੂਰ ਅਤੇ ਦਿਲਰਾਜ ਕੌਰ ਦੁਆਰਾ ਗਾਏ ਦੋਗਾਣੇ ਦਾ ਜ਼ਿਕਰ ਜ਼ਰੂਰੀ ਹੈ, ਲਫਜ਼ ਹਨ :

ਬੈਠ ਟਰੈਕਟਰ ਉੱਤੇ ਨੀਂ,<br>ਤੈਨੂੰ ਖੇਤਾਂ ਦੀ ਸੈਰ ਕਰਾਵਾਂ।<br>ਏਅਰ ਕੰਡੀਸ਼ਨ ਵਰਗੀਆਂ ਨੀ,<br>ਤੂਤਾਂ ਠੰਢੀਆਂ ਛਾਵਾਂ।

ਦੇਸੀ ਬੇਰੀ ਅੱਜਕਲ੍ਹ ਅਲੋਪ ਹੋ ਰਹੀ ਹੈ। ਇਸ ਦੀ ਕਿਸਮ ਝਾੜ-ਮਲ੍ਹੇ ਵੀ ਸੀ। ਬੇਰ ਬੜੇ ਸਵਾਦੀ ਹੁੰਦੇ ਸਨ। ਇਹ ਖੁਸ਼ਕ ਧਰਤੀ ਦਾ ਰੁੱਖ ਸੀ। ਛਾਂ ਸੰਘਣੀ ਸੀ। ਪੰਛੀਆਂ ਦਾ ਚੰਗਾ ਰੈਣ-ਬਸੇਰਾ ਸੀ। ਪੰਛੀ ਇਸ 'ਤੇ ਬੈਠ ਕੇ ਸੁਰੱਖਿਅਤ ਮਹਿਸੂਸ ਕਰਦੇ ਸਨ। ਇਸ ਦੀ ਲੱਕੜ ਨੂੰ ਚੰਗਾ ਮੰਨਿਆ ਜਾਂਦਾ ਸੀ। ਇਸ ਰੁੱਖ ਸੰਬੰਧੀ ਦਲੀਪ ਸਿੰਘ ਦੀਪ ਅਤੇ ਸਵਰਨ ਲਤਾ ਦੀ ਆਵਾਜ਼ ਵਿਚ ਦੋਗਾਣਾ ਰਿਕਾਰਡ ਹੋਇਆ ਸੀ।

ਭਾਬੀ ਤੇਰੇ ਰੰਗ ਵਰਗਾ,<br>ਬੇਰੀਆਂ ਤੋਂ ਬੇਰ ਲਿਆਂਦਾ।

ਪਿੱਪਲ ਅਤੇ ਬਰੋਟਾ (ਬੋਹੜ) ਵੀ ਪੰਜਾਬ ਨਾਲ ਜੁੜੇ ਰੁੱਖ ਹਨ, ਜੋ ਹੁਣ ਘੱਟ ਰਹੇ ਹਨ। ਬਰੋਟਾ ਡੂੰਘੀਆਂ ਜੜ੍ਹਾਂ ਕਾਰਨ ਮਜ਼ਬੂਤੀ ਦਾ ਪ੍ਰਤੀਕ ਹੈ। ਪਿੱਪਲ ਇਸ ਦਾ ਭਰਾ ਹੈ, ਇਹ ਪੂਜਣ ਯੋਗ ਰੁੱਖ ਹੈ। ਇਸ ਸੰਘਣੀਆਂ ਛਾਵਾਂ ਵਾਲੇ ਰੁੱਖ ਹਨ। ਇਨ੍ਹਾਂ ਉੱਤੇ ਤੀਆਂ ਸਮੇਂ ਪੀਂਘਾਂ ਪੈਂਦੀਆਂ ਸਨ। ਛਾਂ ਵਧੇਰੇ ਹੋਣ ਕਰਕੇ ਪੰਜਾਬੀਆਂ ਦੀਆਂ ਸੱਥਾਂ ਜਾਂ ਹੋਰ ਸਾਂਝੀਆਂ ਥਾਵਾਂ ਵਿਚ ਇਸ ਦੀ ਬਹੁਤਾਤ ਸੀ। ਪਿੱਪਲ ਨੂੰ ਨਾਸ਼ਵਾਨ ਸਰੀਰ ਦਾ ਵਰਨਣ ਕਰਨ ਲਈ ਬਿੰਬ ਵਜੋਂ ਵਰਤਿਆ ਜਾਂਦਾ ਹੈ। ਦੋਵਾਂ ਦੇ ਫਲ ਗੋਲ੍ਹਾਂ ਨੂੰ ਮਨੁੱਖ ਅਤੇ ਪੰਛੀ ਖਾ ਸਕਦੇ ਹਨ। ਇਸ ਦੀ ਵਰਤੋਂ ਦਵਾਈਆਂ ਵਿਚ ਵੀ ਕੀਤੀ ਜਾਂਦੀ ਹੈ। ਪ੍ਰਸਿੱਧ ਗਾਇਕਾ ਰਿਪੂਦਮਨ ਸ਼ੈਲੀ ਦਾ ਪ੍ਰਸਿੱਧ ਗੀਤੀ ਹੈ :

ਕਾਹਨੂੰ ਵੇ ਪਿੱਪਲਾ, ਖੜ-ਖੜ ਲਾਈਐ<br>ਦੇਖ ਛਰਾਟੇ ਸੌਣ ਦੇ।<br>---<br>ਹੇਠ ਬਰੋਟੇ ਦੇ, ਦਾਤਣ ਕਰੇ ਕੁਆਰੀ।

# ਨਿੰਬੂ-ਜਾਤੀ ਦੇ ਬੂਟਿਆਂ ਵਿੱਚ ਗੂੰਦੀਆ ਰੋਗ ਦੀ ਸੁਚੱਜੀ ਰੋਕਥਾਮ

ਇਹ ਬਿਮਾਰੀ ਹੁਸ਼ਿਆਰਪੁਰ, ਫਰੀਦਕੋਟ, ਫਾਜ਼ਿਲਕਾ, ਬਠਿੰਡਾ ਅਤੇ ਸ਼੍ਰੀ ਮੁਕਤਸਰ ਜ਼ਿਲ੍ਹਿਆਂ ਵਿਚ ਕਿੰਨੂ ਦੇ ਬਾਗਾਂ ਤੇ ਆਮ ਵੇਖਣ ਨੂੰ ਮਿਲਦੀ ਹੈ । ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ (ਜਿੱਥੇ ਪਾਣੀ ਦੀ ਸਤਹਿ ਨੇੜੇ ਹੋਵੇ) ਵਿਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ । ਪਾਣੀ ਦਾ ਖੁੱਲ੍ਹਾ ਲਗਾਉਣਾ ਜਾਂ ਗੋਡੀ ਕਰਦੇ ਸਮੇਂ ਮੁੱਢ ਅਤੇ ਜੜ੍ਹਾਂ ਤੇ ਜਖਮਾਂ ਦਾ ਹੋਣਾ ਜਾਂ ਬੂਟੇ ਦੇ ਤਣੇ ਦੇ ਨੇੜੇ ਰੂੜੀ ਦੇ ਢੇਰ ਲਗਾਉਣਾ ਆਦਿ, ਅਜਿਹੀਆਂ ਹਾਲਤਾਂ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦੀਆਂ ਹਨ । ਇਸ ਉੱਲੀ ਦੇ ਕਣ ਜ਼ਮੀਨ ਵਿਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲੀ ਜ਼ਮੀਨ ਦੇ ਅੰਦਰ-ਅੰਦਰ ਹੀ ਖੁਰਾਕੀ ਜੜ੍ਹਾਂ ਨੂੰ ਖਤਮ ਕਰ ਦਿੰਦੀ ਹੈ । ਇਸ ਛਿਪੇ ਹੋਏ ਹਮਲੇ ਨਾਲ ਕਿੰਨੂ ਦੇ ਬਾਗ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਝਾੜ ਤੇ ਮਾੜਾ ਅਸਰ ਪੈਂਦਾ ਹੈ । ਇਸ ਬਿਮਾਰੀ ਨਾਲ ਨਰਸਰੀ ਵਿਚ ਪਨੀਰੀ ਮੁਰਝਾ ਜਾਂਦੀ ਹੈ ਅਤੇ ਤਣਾ ਤੇ ਜੜ੍ਹਾਂ ਗਲ ਜਾਂਦੇ ਹਨ । ਬਾਗ ਵਿਚ ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਣਾ ਅਤੇ ਫਲ ਦਾ ਗਾਲਾ ਆਦਿ ਲੱਛਣ ਨਜ਼ਰ ਆਉਂਦੇ ਹਨ । ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ । ਜਿਵੇਂ-ਜਿਵੇਂ ਜ਼ਖਮ ਵੱਡੇ ਹੁੰਦੇ ਹਨ, ਛਿੱਲ ਵਿਚ ਲੰਬੇ ਰੁੱਖ ਤਰੇੜਾਂ ਪੈ ਜਾਂਦੀਆਂ ਹਨ । ਪੱਤੇ ਪੀਲੇ ਪੈ ਜਾਂਦੇ ਹਨ ਅਤੇ ਉੱਲੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ, ਜਿਸ ਕਾਰਨ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ । ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫੁੱਲ ਆਉਂਦੇ ਹਨ, ਜੋ ਫਲ ਦੇ ਬਣਨ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਫਲ ਦੇ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ ।



**ਰੋਕਥਾਮ**

**ਸਾਵਧਾਨੀਆਂ** : ਇਸ ਬਿਮਾਰੀ ਤੋਂ ਬਚਣ ਲਈ ਸਭ ਤੋਂ ਵਧੀਆ ਗੱਲ ਹੈ ਇਲਾਜ ਨਾਲ ਪਰਹੇਜ਼ ਚੰਗਾ । ਬਾਗ ਲਗਾਉਣ ਲਈ ਬੂਟੇ ਰੋਗ ਰਹਿਤ ਨਰਸਰੀ ਤੋਂ ਲਉ । ਬੂਟੇ ਲਗਾਉਣ ਸਮੇਂ ਉਸਦੀ ਪਿਉਂਦੀ ਅੱਖ ਨੂੰ ਜ਼ਮੀਨ ਤੋਂ 9 ਇੰਚ ਉੱਚਾ ਰੱਖੋ । ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ । ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਕਰੋ । ਸਿੰਚਾਈ ਸਮੇਂ ਰੋਗੀ ਬੂਟੇ ਨੂੰ ਵੱਟਾਂ ਬਣਾ ਕੇ ਪਾਣੀ ਦੇਣਾ ਜ਼ਿਆਦਾ ਲਾਹੇਵੰਦ ਹੁੰਦਾ ਹੈ ਕਿਉਂਕਿ ਪਾਣੀ ਰਾਹੀਂ ਬਿਮਾਰੀ ਇਸ ਤੋਂ ਅੱਗੇ ਨਾ ਫੈਲ ਸਕੇ । ਬੂਟੇ ਦੇ ਘੇਰੇ ਨੂੰ ਸਾਫ ਰੱਖੋ । ਬਾਗ ਵਿਚ ਕੰਮ-ਕਾਰ ਕਰਦੇ ਸਮੇਂ ਤਣੇ ਤੇ ਜੜ੍ਹਾਂ ਨੂੰ ਜ਼ਖਮੀ ਹੋਣ ਤੋਂ ਬਚਾਉ । ਤਣੇ ਦੇ ਆਲੇ-ਦੁਆਲੇ ਮਿੱਟੀ ਨਾ ਚੜ੍ਹਾਉ । ਜੇ ਬੂਟੇ ਦਾ ਤਣਾ ਅੱਧ ਨਾਲੋਂ ਜ਼ਿਆਦਾ ਗਲ ਗਿਆ ਹੋਵੇ ਤਾਂ ਬੂਟੇ ਨੂੰ ਪੁੱਟਣ ਵਿਚ ਹੀ ਫਾਇਦਾ ਹੈ ।

**ਇਲਾਜ** : ਬੂਟੇ ਦਾ ਇਲਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਬਿਮਾਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚ ਦਿਓ । ਜ਼ਖਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ ਕਰੋ । ਉਤਾਰੀ ਹੋਈ ਰੋਗੀ ਛਿੱਲ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਓ ਤਾਂ ਜੋ ਉੱਲੀ ਜ਼ਮੀਨ ਵਿਚ ਫੈਲ ਨਾ ਸਕੇ । ਸਾਫ ਕੀਤੇ ਜ਼ਖਮਾਂ ਤੇ 2 ਗ੍ਰਾਮ ਕਰਜ਼ੇਟ ਐਮ-8 ਨੂੰ 100 ਮਿਲੀਲਿਟਰ ਅਲਸੀ ਦੇ ਤੇਲ ਵਿਚ ਘੋਲ ਕੇ ਸਾਲ ਵਿਚ ਦੋ ਵਾਰ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ) ਜ਼ਖਮਾਂ ਤੇ ਮਲ ਦਿਉ । ਬਾਅਦ ਵਿਚ 25 ਗ੍ਰਾਮ ਇਸੇ ਦਵਾਈ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਤਣੇ ਦੇ ਚਾਰ ਚੁਫੇਰੇ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਓ । ਇਸ ਤੋਂ ਇਲਾਵਾ ਬੂਟਿਆਂ ਦੀਆਂ ਮੁੱਢਾਂ ਅਤੇ ਛੱਤਰੀ ਹੇਠ ਸੋਡੀਅਮਹਾਈਪੋਕਲੋਰਾਈਟ 5% (50 ਮਿ.ਲਿ. 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ) ਦੇ ਦੋ ਛਿੜਕਾਅ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ) ਅਤੇ ਇਕ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ (ਸਟਰੇਨ ਟੀ 20) 2.5 ਕਿਲੋ ਰੂੜੀ ਦੀ ਖਾਦ ਵਿਚ ਮਿਲਾ ਕੇ ਫਰਵਰੀ-ਮਾਰਚ ਅਤੇ ਜੁਲਾਈ-ਅਗਸਤ ਵਿਚ ਬੂਟਿਆਂ ਦੀਆਂ ਮੁੱਢਾਂ ਵਿਚ ਪਾਉਣ ਨਾਲ ਇਸ ਬਿਮਾਰੀ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ ।

# ਕਿਸਾਨਾਂ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ**

ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ । ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ




ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਉ । ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿਲੋ ਯੂਰੀਆ ਪਾ ਦਿਓ । ਘਟ ਸਮਾਂ ਲੈਣ ਵਾਲੀ ਕਿਸਮਾਂ ਪੀ. ਆਰ.-126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ । ਜਿੰਨ੍ਹਾਂ ਖੇਤਾਂ ਵਿਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਨਿੰਮ ਅਧਾਰਿਤ ਏਕੋਟਿਨ ਜਾਂ 1.0 ਲਿਟਰ, ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ । ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ । ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਸੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ ।

**ਬਾਸਮਤੀ**

ਬਾਸਮਤੀ ਦੀ ਕਿਸਮ ਸੀ ਐਸ ਆਰ 30 ਨੂੰ 18 ਕਿਲੋ ਯੂਰੀਆ ਪ੍ਰਤੀ ਏਕੜ ਪਾਓ ਅਤੇ ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1718 ਨੂੰ 36 ਕਿਲੋ ਯੂਰੀਆ ਪ੍ਰਤੀ ਏਕੜ ਪਾਓ । ਪੂਸਾ ਬਾਸਮਤੀ 1847 ਤੇ 1509 ਨੂੰ 54 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ । ਯੂਰੀਆ ਖਾਦ ਨੂੰ 2 ਬਰਾਬਰ ਕਿਸ਼ਤਾਂ ਵਿਚ ਪਨੀਰੀ ਲਾਉਣੀ ਤੋਂ 3 ਹਫਤੇ ਪਿਛੋਂ ਪਾਉ ।

**ਨਰਮਾ**

ਆਉਣ ਵਾਲੇ ਦਿਨਾਂ ਵਿਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ । ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ । ਬੀ ਟੀ ਨਰਮੇ ਦੇ ਖੇਤਾਂ ਵਿਚ ਪੈਰਾਵਿਲਟ ਦੀ ਸਮੱਸਿਆ ਆ



ਸਕਦੀ ਹੈ । ਇਸ ਦੀ ਰੋਕਥਾਮ ਲਈ ਸਿਰਫ ਪ੍ਰਭਾਵਿਤ ਬੂਟਿਆਂ ਉੱਪਰ (ਤਾਜ਼ਾ ਕੁਮਲਾਏ ਹੋਏ) 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪ੍ਰੇਅ ਕਰ ਦਿਓ । ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ ਅਤੇ ਬਾਕੀ ਅੱਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ । ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ । ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ । ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ । ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਕ ਇਸ ਦੀ ਰੋਕਥਾਮ ਕਰੋ । ਨਰਮੇ ਦੇ ਖੇਤਾਂ ਵਿਚੋਂ ਪੱਤਾ ਲਪੇਟ ਵਿਸ਼ਾਣੂੰ ਨਾਲ ਪ੍ਰਭਾਵਿਤ ਬੂਟਿਆਂ ਨੂੰ ਸਮੇਂ-ਸਮੇਂ ਤੇ ਪੁੱਟ ਕੇ ਦਬਾਅ ਦਿਓ । ਗੁਲਾਬੀ ਸੁੰਡੀ ਦੀ ਗੈਰ ਰਸਾਇਣਕ ਰੋਕਥਾਮ ਲਈ ਫੀਰੋਮੋਨ ਆਧਾਰਿਤ ਸਪਲੈਟ ਉਤਪਾਦ ਕਰੈਮਿਨ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਕਿਲਾ ਪ੍ਰਤੀ ਡੋਜ਼ ਨਰਮੇ ਦੀ ਫਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਕਿਲੇ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ । ਰਸਾਇਣਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ / ਮੀਓਥ੍ਰਿਨ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਹਰੇ ਤੇਲੇ ਦੇ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਖੇਤਾਂ ਵਿਚ ਲੀਫ ਕਰਲ ਵਾਲੇ ਬੂਟੇ ਪੁੱਟ ਕੇ ਦਬਾਉਂਦੇ ਰਹੋ । ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਤਾ ਸਵੇਰੇ 10 ਵਜੇ ਤੋਂ ਪਹਿਲਾਂ) ਤੇ ਪਹੁੰਚਣ ਤੇ 400 ਮਿਲੀਲਿਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਦੇ ਛਿੜਕੋ ।

**ਮੱਕੀ**

ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫਸਲ ਸਹਾਰ ਨਹੀਂ ਸਕਦੀ । ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ । ਮੱਕੀ ਵਿਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ




ਕਰੋ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ ।

**ਕਮਾਦ**

ਆ ਨ 3ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।

**ਬਾਗਬਾਨੀ**

ਗਰਮੀ ਵਿਚ ਹੋਰ ਵਾਧਾ ਹੋਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ ।



ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ । ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ । ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ । ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ ।

**ਸਬਜ਼ੀਆਂ**

ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲਿਮਾ ਅਤੇ ਲੋਬੀਏ ਦੀ ਕਾਉਪੀਅ-263 ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ । ਕੱਦੂ ਜਾਤੀ ਦੀਆਂ ਸਬਜ਼ੀਆਂ ਵਿਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਬੀਜੋ । ਹਲਵਾ ਕੱਦੂ ਅਤੇ ਵੰਗੇ ਦਾ ਬੀਜ 1 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ । ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ ।

**ਪਸ਼ੂ ਪਾਲਣ**

ਪਸ਼ੂ ਢਾਰੇ ਆਲੇ ਦੁਆਲੇ ਨਾਲੋਂ ਉੱਚੀ ਜਗ੍ਹਾ ਤੇ ਬਣਾਓ ਤਾਂ ਜੋ ਪਾਣੀ ਦਾ ਸਹੀ ਨਿਕਾਸ ਹੋ ਸਕੇ । ਪਸ਼ੂ ਢਾਰਿਆਂ ਵਿਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਓ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਉ । ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ । ਸ਼ੈੱਡ ਵਿਚ ਪੱਕੇ ਫਰਸ਼ ਦਾ ਪ੍ਰਬੰਧ ਜ਼ਰੂਰ ਕਰੋ ਤਾਂ ਜੋ ਮਲ ਮੂਤਰ ਦਾ ਠੀਕ ਤਰ੍ਹਾਂ ਨਿਕਾਸ ਹੋ ਸਕੇ ਅਤੇ ਫਰਸ਼ ਦੀ ਸਫਾਈ ਕਰਨੀ ਸੌਖੀ ਹੋਵੇ । ਕੱਚੇ ਫਰਸ਼ ਦੀ ਉਪਰਲੀ ਮਿੱਟੀ ਦੀ ਤਹਿ ਸਮੇਂ ਸਮੇਂ ਤੇ ਬਦਲੋ । ਹਵਾ ਨਾਲ ਬਦਬੂ ਤੇ ਵੀ ਕੰਟਰੋਲ ਰਹਿੰਦਾ ਹੈ ਅਤੇ ਫਰਸ਼ ਤੇ ਨਾਲੀਆਂ ਸੁੱਕੀਆਂ ਰਹਿੰਦੀਆਂ ਹਨ ।

# ਝੋਨੇ ਨਾਲੋਂ ਵੱਧ ਆਮਦਨ ਦੇਣ ਵਾਲੀ ਫਸਲ ਬੇਬੀਕੌਰਨ



ਕਿਸੇ ਵੀ ਫਸਲ ਦੀ ਕਾਸ਼ਤ ਦੀ ਸਫਲਤਾ ਵਿਚ ਅੱਧਾ ਹਿੱਸਾ ਮਾਰਕੀਟਿੰਗ ਦਾ ਹੁੰਦਾ ਹੈ ਤੇ ਬੇਬੀਕੌਰਨ ਦੀ ਮੰਡੀ ਕਾਫੀ ਹੱਦ ਤੱਕ ਸੁਰੱਖਿਅਤ ਹੈ । ਬੇਬੀਕੌਰਨ ਦੀ ਮਾਰਕੀਟਿੰਗ ਲਈ ਭਾਵੇਂ ਹੋਰ ਵੀ ਕਈ ਵਿੰਗੇ-ਸਿੱਧੇ ਰਸਤੇ ਹਨ, ਪਰ ਪੰਜਾਬ ਦੀ ਇਕ ਸਮਰੱਥ ਪ੍ਰਾਈਵੇਟ ਕੰਪਨੀ ਲੱਗਭਗ ਦੋ ਦਹਾਕਿਆਂ ਤੋਂ ਕਿਸਾਨਾਂ ਤੋਂ ਬੇਬੀਕੌਰਨ ਮੱਕੀ ਦੀ ਕਾਸ਼ਤ ਕਰਵਾ ਕੇ ਤੇ ਲਾਹੇਵੰਦ ਭਾਅ ਦੇ ਕੇ (ਜਿਵੇਂ ਹੁਣ ਤੱਕ ਸਾਹਮਣੇ ਆਇਆ ਹੈ) ਭਰੋਸੇਯੋਗ ਇਕਰਾਰਨਾਮੇ ਦੀ ਬੁਨਿਆਦ 'ਤੇ ਫਸਲ ਦੀ ਸਾਰੀ ਪੈਦਾਵਾਰ ਦੀ ਨਿਰੰਤਰ ਵਿਕਰੀ ਕਰ ਰਹੀ ਹੈ ਤੇ ਲੰਮੇਂ ਸਮੇਂ ਤੋਂ ਮਿਹਨਤੀ ਤੇ ਕਰਮਸ਼ੀਲ ਕਿਸਾਨ ਇਸ ਕੰਪਨੀ ਨਾਲ ਜੁੜੇ ਹੋਏ ਹਨ ।

ਪੰਜਾਬ ਦੀ ਖੁਸ਼ਹਾਲੀ ਤੇ ਸੂਬੇ ਦੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਅਤੇ ਖੇਤੀ 'ਚ ਵੰਨ-ਸੁਵੰਨਤਾ ਲਿਆਉਣ ਲਈ ਸਰਕਾਰਾਂ ਤੇ ਖੇਤੀ ਮਾਹਿਰਾਂ ਵੱਲੋਂ ਸਮੇਂ-ਸਮੇਂ ਦਿੱਤੇ ਗਏ ਸੁਝਾਵਾਂ ਅੱਗੇ ਕਿਸਾਨਾਂ ਦੇ ਦੋ ਜਵਾਬ ਅਕਸਰ ਫੁੱਲ ਸਟਾਪ ਲਾ ਦਿੰਦੇ ਰਹੇ ਹਨ, ਪਹਿਲਾ ਜਵਾਬ ਇਹ ਹੈ ਕਿ ''ਸਾਡੇ ਕੋਲ ਪੈਦਾ ਤਾ ਜਿਹੜੀ ਜਿਣਸ ਮਰਜ਼ੀ ਕਰਵਾ ਲਵੋਂ ਪਰ ਪੈਦਾ ਕਰ ਕੇ ਉਸ ਨੂੰ ਸੁੱਟੀਏ ਕਿੱਥੇ ?''

ਦੂਜਾ ਜਵਾਬ ਇਹ ਹੈ ਕਿ ''ਜੇ ਕੋਈ ਜਿਣਸ ਵੇਚੀਦੀ ਹੈ ਤਾਂ ਕੌਡੀਆਂ ਦੇ ਭਾਅ ਵਿਕਦੀ ਹੈ, ਦੱਸੋ ਅਸੀਂ ਕਰੀਏ ਕੀ ?'' ਪਰ ਕਿਸਾਨਾਂ ਦੇ ਇਨ੍ਹਾਂ ਦੋਵੇਂ ਪ੍ਰਸ਼ਨਾਂ ਦਾ ਜਵਾਬ ਕੁਝ ਚੋਣਵੀਆਂ ਫਸਲਾਂ ਦੀ ਕਾਸ਼ਤ ਰਾਹੀਂ ਦਿੱਤਾ ਜਾ ਸਕਦਾ ਹੈ ।

ਇਨ੍ਹਾਂ ਵਿਲੱਖਣ ਤੇ ਨਵੀਆਂ ਫਸਲਾਂ ਵਿਚੋਂ ਇਕ ਹੈ ਮੱਕੀ ਦੀ ਕਿਸਮ 'ਬੇਬੀਮੌਰਨ', ਜਿਸ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਮੰਗ ਵੀ ਹੈ ਤੇ ਇਸ ਦੀ ਭਰੋਸੇਯੋਗ ਮੰਡੀ ਤੇ ਲਾਭਦਾਇਕ ਭਾਅ ਵੀ ਮਿਲ ਸਕਦੇ ਹਨ ਅਤੇ ਇਸ ਦੀ ਕਾਸ਼ਤ ਵਿਚ ਸਮੱਸਿਆਵਾਂ ਘੱਟ ਹਨ ਤੇ ਭਰੋਸੇਯੋਗ ਮਾਰਕੀਟਿੰਗ ਨਾਲ ਹੋਰ ਲਾਭ ਵੀ ਹਨ ।

ਸੂਖਮ ਦ੍ਰਿਸ਼ਟੀ ਤੇ ਖੇਤੀ ਵੰਨ-ਸੁਵੰਨਤਾ ਵਿਚ ਦਿਲਚਸਪੀ ਰੱਖਣ ਵਾਲੇ ਪ੍ਰਗਤੀਸ਼ੀਲ ਕਿਸਾਨਾਂ ਲਈ ਬੇਬੀਕੌਰਨ ਮੱਕੀ ਦੀ ਕਾਸ਼ਤ ਵਿਚ ਸਫਲਤਾ ਦੀਆਂ ਸਿਖਰਾਂ ਛੂਹਣ ਵਿਚ ਕੋਈ ਰੋਕ ਤੇ ਦਿੱਕਤ ਨਹੀਂ ਹੈ ।

ਕਿਸੇ ਵੀ ਫਸਲ ਦੀ ਕਾਸ਼ਤ ਦੀ ਸਫਲਤਾ ਵਿਚ ਅੱਧਾ ਹਿੱਸਾ ਮਾਰਕੀਟਿੰਗ ਦਾ ਹੁੰਦਾ ਹੈ ਤੇ ਬੇਬੀਕੌਰਨ ਦੀ ਮੰਡੀ ਕਾਫੀ ਹੱਦ ਤੱਕ ਸੁਰੱਖਿਅਤ ਹੈ । ਬੇਬੀਕੌਰਨ ਦੀ ਮਾਰਕੀਟਿੰਗ ਲਈ ਭਾਵੇਂ ਹੋਰ ਵੀ ਕਈ ਵਿੰਗੇ-ਸਿੱਧੇ ਰਸਤੇ ਹਨ, ਪਰ ਪੰਜਾਬ ਦੀ ਇਕ ਸਮਰੱਥ ਪ੍ਰਾਈਵੇਟ ਕੰਪਨੀ ਲੱਗਭਗ ਦੋ ਦਹਾਕਿਆਂ ਤੋਂ ਕਿਸਾਨਾਂ ਤੋਂ ਬੇਬੀਕੌਰਨ ਮੱਕੀ ਦੀ ਕਾਸ਼ਤ ਕਰਵਾ ਕੇ ਤੇ ਲਾਹੇਵੰਦ ਭਾਅ ਦੇ ਕੇ (ਜਿਵੇਂ ਹੁਣ ਤੱਕ ਸਾਹਮਣੇ ਆਇਆ ਹੈ) ਭਰੋਸੇਯੋਗ ਇਕਰਾਰਨਾਮੇ ਦੀ ਬੁਨਿਆਦ 'ਤੇ ਫਸਲ ਦੀ ਸਾਰੀ ਪੈਦਾਵਾਰ ਦੀ ਨਿਰੰਤਰ ਵਿਕਰੀ ਕਰ ਰਹੀ ਹੈ ਤੇ ਲੰਮੇਂ ਸਮੇਂ ਤੋਂ ਮਿਹਨਤੀ ਤੇ ਕਰਮਸ਼ੀਲ ਕਿਸਾਨ ਇਸ ਕੰਪਨੀ ਨਾਲ ਜੁੜੇ ਹੋਏ ਹਨ ।

ਬੇਬੀਕੌਰਨ ਦੀ ਕਾਸ਼ਤ ਤੇ ਮਾਰਕੀਟਿੰਗ ਵਿਚ ਸਫਲਤਾ ਲਈ ਸਭ ਤੋਂ ਪ੍ਰਮੁੱਖ ਲੋੜ ਹੈ, ਇਸ ਦੀ ਪੈਦਾਵਾਰ ਵਿਚ ਕੁਆਲਿਟੀ ਵਿਕਸਿਤ ਕਰਨਾ ਤੇ ਕੁਆਲਿਟੀ ਨੂੰ ਸਥਿਰ ਰੱਖਣਾ, ਅਜਿਹੀ ਲੋੜ ਲਈ ਤੁੜਾਈ ਵੇਲ ਖੇਤਾਂ ਵਿਚ ਰੋਜ਼ਾਨਾ ਕੰਮ ਕਰਨ ਵਾਲੇ ਟ੍ਰੇਂਡ ਮਜ਼ਦੂਰਾਂ ਦੀ ਲੋੜ ਪੈਂਦੀ ਹੈ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬੇਬੀਕੌਰਨ ਦੀਆਂ ਦੋ ਕਿਸਮਾਂ ਹਾਈਬ੍ਰਿਡ ਪ੍ਰਕਾਸ਼ ਤੇ ਕੰਪੋਜ਼ਿਟ ਕਿਸਮ ਕੇਸਰੀ ਤੋਂ ਵਧੀਆ ਬੇਬੀਕੌਰਨ ਪ੍ਰਾਪਤ ਹੁੰਦੀ ਹੈ, ਇਨ੍ਹਾਂ ਕਿਸਮਾਂ ਤੋਂ ਕ੍ਰਮਵਾਰ

**ਮਹਿੰਦਰ ਸਿੰਘ 'ਦੋਸਾਂਝ'**
ਮੋ. 94632-33991

7.0 ਅਤੇ ਕੇਸਰੀ ਦਾ 5.7 ਕੁਇੰਟਲ ਔਸਤਨ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ ।

ਪੀ. ਏ. ਯੂ. ਲੁਧਿਆਣਾ ਨੇ (ਸੀ. ਐੱਮ. ਐੱਸ.) ਅਧਾਰਿਤ ਬੇਬੀ ਕੌਰਨ ਦੀ ਇਕ ਕਿਸਮ ''ਪੰਜਾਬ ਬੇਬੀਕੌਰਨ ਨੰ: 1' ਹੁਣੇ-ਹੁਣੇ ਵਿਕਸਿਤ ਕੀਤੀ ਹੈ, ਇਸ ਕਿਸਮ ਨੇ ਨਿੱਜੀ ਖੇਤਰ ਦੀ ਕਿਸਮ 5417 ਦੇ ਮੁਕਾਬਲੇ ਵਿਚ 1.93 ਫੀਸਦੀ ਵਧੇਰੇ ਝਾੜ ਦਿੱਤਾ ਹੈ । ਇਹ ਕਿਸਮ ਬਿਜਾਈ ਤੋਂ 52 ਦਿਨ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੀ ਹੈ ਤੇ ਗੁਣਵੱਤਾ ਦੇ ਪੱਖੋਂ ਵੀ ਬੇਮਿਸਾਲ ਹੈ ਅਤੇ ਇਸ ਦੀਆਂ ਛੱਲੀਆਂ ਦਾ ਝਾੜ ਵੀ 21 ਕੁਇੰਟਲ ਤੋਂ ਉਪਰ ਹੈ ।

ਪੀ. ਏ. ਯੂ. ਦੀਆਂ ਸਿਫਾਰਸ਼ਾਂ ਅਨੁਸਾਰ ਬੇਬੀਕੌਰਨ ਦੀ ਕਾਸ਼ਤ ਲਈ 20 ਕਿਲੋ ਬੀਜ ਦੀ ਲੋੜ ਹੁੰਦੀ ਹੈ ਤੇ ਟਾਂਡਿਆਂ ਦਾ ਲਾਈਨ ਤੋਂ ਲਾਈਨ ਵਿਚਾਲੇ ਫਾਸਲਾ ਇਕ ਫੁੱਟ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਹੋਣਾ ਚਾਹੀਦਾ ਹੈ ।

**ਨਦੀਨ ਨਾਸ਼ਕਾਂ ਦੀ ਵਰਤੋਂ**

ਬੇਬੀਕੌਰਨ ਲਈ 52 ਕਿਲੋ ਯੂਰੀਆ ਖਾਦ ਦੀ ਵਰਤੋਂ ਬਰਾਬਰ ਮਾਤਰਾ 'ਚ ਦੋ ਕਿਸ਼ਤਾਂ ਵਿਚ ਕਰਨੀ ਚਾਹੀਦੀ ਹੈ, ਅੱਧੀ ਮਾਤਰਾ ਬਿਜਾਈ ਵੇਲੇ ਤੇ ਅੱਧੀ ਜਦੋਂ ਟਾਂਡੇ ਗੋਡੇ-ਗੋਡੇ ਤੱਕ ਪਹੁੰਚ ਜਾਣ । ਬੀਜ, ਖਾਦਾਂ ਤੇ ਨਦੀਨ ਨਾਸ਼ਕਾਂ ਦੀ ਵਰਤੋਂ ਬਾਰੇ ਬੇਬੀਕੌਰਨ ਦੀ ਕਾਸ਼ਤ ਲਈ ਭਾਈਵਾਲ ਕੰਪਨੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਅਨੁਸਾਰ (ਜੇ ਇਕਰਾਰਨਾਮੇ ਨਾਲ ਕਾਸ਼ਤ ਕਰਨੀ ਹੋਵੇ) ਹੀ ਕਰਨ ਦੀ ਲੋੜ ਹੋਵੇਗੀ ।

ਸਬੰਧਤ ਕੰਪਨੀ ਵੱਲੋਂ ਬੇਬੀਕੌਰਨ ਦੀ ਬਿਜਾਈ ਲਈ ਕਿਸਾਨਾਂ ਨੂੰ ਜੀ. 5417 ਕਿਸਮ ਦਾ ਬੀਜ ਦਿੱਤਾ ਜਾਂਦਾ ਹੈ ਤੇ 8 ਕਿਲੋ ਬੀਜ ਪ੍ਰਤੀ ਏਕੜ ਵਰਤਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਜਿਸ ਨੂੰ ਕਿਸਾਨ ਤਿੰਨ ਫੁਟ ਚੌੜੇ ਬੈੱਡ ਬਣਾ ਕੇ ਇਨ੍ਹਾਂ 'ਤੇ ਵਿਚਾਲੇ ਦੋ ਫੁੱਟ ਫਾਸਲਾ ਛੱਡ ਕੇ ਦੋ ਲਾਈਨਾਂ 'ਚ ਬਿਜਾਈ ਕਰਦੇ ਹਨ । ਬੀਜ ਤੋਂ ਬੀਜ ਦਾ ਫਾਸਲਾ ਲਗਭਗ 4 ਇੰਚ ਰੱਖਦੇ ਹਨ । ਇਉਂ ਇਕ ਏਕੜ ਵਿਚ ਲਗਭਗ 56 ਬੈੱਡ ਤੇ 57 ਆਡਾਂ ਬਣ ਜਾਂਦੀਆਂ ਹਨ, ਕਿਸਾਨਾਂ ਅਨੁਸਾਰ ਜੀ. 5417 ਕਿਸਮ ਦਾ ਪ੍ਰਤੀ ਏਕੜ ਲਗਭਗ 60 ਕੁਇੰਟਲ ਤੱਕ ਝਾੜ ਮਿਲ ਜਾਂਦਾ ਹੈ ।

ਕੰਪਨੀ ਨਾਲ ਇਕਰਾਰਨਾਮੇ ਨਾਲ ਸਰਦੀ ਦਾ ਮੌਸਮ ਛੱਡ ਕੇ ਗਰਮੀ ਤੇ ਬਰਸਾਤ ਦੇ ਮਹੀਨਿਆਂ ਵਿਚ ਆਮ ਕਿਸਾਨ ਬੇਬੀਕੌਰਨ ਮੱਕੀ ਦੀਆਂ ਤਿੰਨ ਫਸਲਾਂ ਤੇ ਕਈ ਕਿਸਾਨ ਫਰਵਰੀ ਤੋਂ ਲੈ ਕੇ ਨਵੰਬਰ ਤੱਕ ਚਾਰ ਫਸਲਾਂ ਵੀ ਲੈ ਰਹੇ ਹਨ । ਬੇਬੀਕੌਰਨ ਬਿਜਾਈ ਤੋਂ ਲਗਭਗ 52 ਦਿਨਾਂ ਪਿੱਛੋਂ ਤੁੜਾਈ ਲਈ ਤਿਆਰ ਹੋ ਜਾਂਦਾ ਹੈ, ਤੋੜੀਆਂ ਹੋਈਆਂ ਰੰਗਾਂ ਨੂੰ ਪਾਉਣ ਲਈ ਕੰਪਨੀ ਵਲੋਂ ਦਿੱਤੇ ਕਰੇਟ ਭਰ ਕੇ ਲੋਹੂਵਾਲ ਵਿਖੇ ਕੰਪਨੀ ਦੇ ਪਲਾਂਟ ਵਿਚ ਪਹੁੰਚਦੇ ਕਰਨੇ ਪੈਂਦੇ ਹਨ ।

ਡੇਅਰੀ ਵਾਲੇ ਕਿਸਾਨਾਂ ਲਈ ਬੇਬੀਕੌਰਨ ਦਾ ਚਾਰਾ ਵਰਦਾਨ ਸਿੱਧ ਹੁੰਦਾ ਹੈ, ਕਿਉਕਿ ਉਹ ਇਸ ਤੋਂ ਸਾਈਲੇਜ (ਅਚਾਰ) ਬਣਾ ਕੇ ਲੰਮੇ ਸਮੇਂ ਲਈ ਰੱਖ ਸਕਦੇ ਹਨ । ਬੇਬੀਕੌਰਨ ਦੀ ਤੁੜਾਈ ਖਤਮ ਹੋਣ ਤੋਂ ਬਾਅਦ ਵੀ ਅਣਗਿਣਤ ਛੱਲੀਆਂ ਟਾਂਡਿਆਂ 'ਤੇ ਰਹਿ ਜਾਂਦੀਆਂ ਹਨ ਤੇ ਚਾਰੇ 'ਚ ਸ਼ਾਮਲ ਇਹ ਛੱਲੀਆਂ ਵਿਟਾਮਿਨ, ਪ੍ਰੋਟੀਨ ਤੇ ਹੋਰ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ ।



# ਮੈਂ ਗੁਰੂ ਧਾਮਾਂ ਦੇ ਦਰਸ਼ਨਾਂ ਨਾਲ ਪਾਕਿਸਤਾਨ ਘੁੰਮਿਆ

ਕਮਲਇੰਦਰਜੀਤ ਬਾਜਵਾ,
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਬਲਾਕ
ਕਾਹਨੂੰਵਾਨ, ਜ਼ਿਲ੍ਹਾ-ਗੁਰਦਾਸਪੁਰ
ਮੋ. 98150-82401

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

ਕੁਝ ਬਜ਼ਾਰ ਵਿਚ ਮੁਸਲਿਮ ਭਾਈਚਾਰੇ ਨਾਲ ਫੋਟੋ ਸਾਂਝੇ ਕੀਤੇ ਹਨ। ਰੰਗ ਮਹਿਲ ਬਜ਼ਾਰ ਸਾਰਾ ਸੋਨੇ ਦੀਆਂ ਦੁਕਾਨਾਂ ਤੇ ਮੋਤੀਆਂ ਮਾਲਾਂਵਾਂ, ਪਾਪੜ ਬਜ਼ਾਰ ਸਾਰਾ ਡਰਾਈ ਫਰੂਟ ਦਾ ਸੀ, ਅੰਮ੍ਰਿਤਸਰ ਦੇ ਜਹਾਜਗੜ੍ਹ ਵਾਂਗ ਰਿਮ ਮਾਰਕੀਟ ਸੀ। ਤਕੜੇ ਏਰੀਏ ਮਾਡਲ ਟਾਊਨ, ਟੈਪਲ ਰੋਡ ਵੀ ਖੂਬਸੂਰਤ ਸਨ। ਇਸ ਜੱਥੇ ਦਾ ਸਮਾਂ ਵੀਹ ਜੂਨ ਤੋਂ ਤੀਹ ਜੂਨ ਤੱਕ ਸੀ।

ਅੱਜ ਪਾਕਿਸਤਾਨ ਸਰਕਾਰ ਨੇ ਸਭ ਤੋਂ ਵਧੀਆ ਉਪਰਾਲਾ ਸਿੱਖਾਂ ਲਈ ਸਿੱਖ ਮੈਰਿਜ ਐਕਟ ਲਾਗੂ ਕਰ ਦਿੱਤਾ ਹੈ, ਜੋ ਅਜੇ ਭਾਰਤ ਦੇ ਪੰਜਾਬ ਵਿਚ ਵੀ ਲਾਗੂ ਨਹੀਂ ਹੋਇਆ। ਉਨ੍ਹਾਂ ਦੇ ਬਜ਼ਾਰ ਚ



ਵਿਚਰਦਿਆਂ ਗੱਲ ਇਸਲਾਮਿਕ ਸਟੇਟ ਪਾਕਿਸਤਾਨ ਦੀ ਕਬੀਲੇ ਤਾਰੀਫ ਦੀ ਕਰਨੀ ਬਣਦੀ ਹੈ, ਜੋ ਉਥੋਂ ਦੇ ਮੁਸਲਿਮ ਵੀਰਾਂ ਦੱਸਿਆਂ ਕਿ ਸਾਡੇ ਪਾਕਿਸਤਾਨ ਵਿਚ ਸ਼ਰਾਬ ਦੇ ਠੇਕੇ ਨਹੀਂ ਹੁੰਦੇ, ਜਿਸ ਤਰ੍ਹਾਂ ਭਾਰਤ ਵਿਚ ਹਨ। ਉਹਨਾਂ ਕਿਹਾ ਕਿ ਲੁੱਕ ਛਿੱਪ ਕੇ ਕੋਈ ਵੇਚੇ ਜਾਂ ਕੋਈ ਖਰੀਦੇ ਮਗਰ ਸ਼ਰਾਬ ਪੀ ਕੇ ਖੌਰੂ ਪਾਉਂਦਾ ਜਾਂ ਲੈ ਕੇ ਜਾਂਦਾ ਫੜਿਆ ਗਿਆ ਤਾਂ ਇਕ ਦਿਨ ਦੀ ਜੇਲ੍ਹ ਯਾਤਰਾ ਹੈ। ਸ਼ਰਾਬ ਬੰਦ ਕਿਵੇਂ ਕਰਾਉਣ ਬਾਰੇ ਵੀ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਾਡੇ ਧਰਮ ਦੇ ਮੌਲਾਨਾ ਜਾਂ ਮੌਲਵੀ ਜਿਵੇਂ ਸਾਡੇ ਸਿੱਖ ਧਰਮ ਵਿਚ ਹੈੱਡ ਗ੍ਰੰਥੀ ਸਿੰਘ ਹਨ, ਉਨ੍ਹਾਂ ਸਰਕਾਰਾਂ ਨੂੰ ਇਕੱਠੇ ਹੋ ਕੇ ਇਸਲਾਮ ਬਾਰੇ ਜਾਣੂ ਕਰਵਾਇਆ ਅਤੇ ਸਰਕਾਰ ਦੇ ਖੁਦ ਲੀਡਰ ਵੀ ਇਸਲਾਮਿਕ ਹੋਣ ਬਾਰੇ ਵਿਚਾਰਿਆ ਕਿ ਸਾਡੇ ਧਰਮ ਵਿਚ ਸ਼ਰਾਬ ਦੀ ਮਨਾਹੀ ਹੈ ਤਾਂ ਇਸਲਾਮਿਕ ਸਟੇਟ ਵਿਚ ਸ਼ਰਾਬ ਦੇ ਠੇਕੇ ਕਿਵੇਂ ਖੁੱਲ੍ਹ ਸਕਦੇ ਹਨ, ਜਿਸ ਸਦਕਾ ਇਹ ਉਪਰਾਲੇ ਹੋਏ। ਖੈਰ ਇਹ ਜਾਗਰੂਕਤਾ ਭਰੀ ਗੱਲ ਸੁਣ ਕੇ ਮਜ਼ਾ ਬਹੁਤ ਆਇਆ। ਗੱਲਾਂ ਸੁਣਦਿਆਂ ਬਤੌਰ ਲੇਖਕ ਮੇਰੇ ਦਿਮਾਗ ਵਿਚ ਵੀ ਇਹ ਚੱਲ ਰਿਹਾ ਸੀ ਕਿ ਸਿੱਖ ਧਰਮ ਵਿਚ ਕਿਥੇ ਲਿਖਿਆ ਹੈ ਨਸ਼ਾ ਸੇਵਨ ਕਰੋ ਤੇ ਵੇਚੋ ਵੀ, ਫੇਰ ਇਹ ਸਾਨੂੰ ਬਜ਼ਾਰ ਵਿਚ ਦੁਕਾਨ ਖੋਲ੍ਹ ਕੇ ਸੇਵਨ ਕਰਨ ਲਈ ਵੇਚ ਕਿਉਂ ਰਹੇ ਹਨ ਕਿ ਕੇਵਲ ਟੈਕਸਾਂ ਲਈ ਜਾਂ ਬਿਮਾਰੀ ਲਗਾ ਕੇ ਆਬਾਦੀ ਘਟਾਉਣ ਲਈ। ਇਹ ਵੀ ਦਿਮਾਗ ਚ ਸੀ ਕਿ ਹੁਣ ਤੱਕ ਕਿੰਨੇ ਪੰਜਾਬ ਵਿਚ ਪੱਗਧਾਰੀ ਮੁੱਖ ਮੰਤਰੀ ਆਏ ਹਨ ਕਿ ਕਿਸੇ ਨੂੰ ਪਤਾ ਨਹੀਂ ਸੀ ਨਸ਼ੇ ਮੁਕਤ ਕਰਨ ਦਾ ਜਾਂ ਵਿਚਾਰ ਵਟਾਂਦਰਾ ਨਹੀਂ ਹੋਈ ਏਸ ਗੁਰੂਆਂ ਦੀ ਧਰਤੀ ਤੇ।

ਅਖੀਰਲੇ ਦੱਸਵੇਂ ਦਿਨ ਲਾਹੌਰ ਤੋਂ ਅੰਮ੍ਰਿਤਸਰ ਨੂੰ ਚੱਲਣ ਲੱਗਿਆਂ ਵੀ ਉਸੇ ਤਰ੍ਹਾਂ ਗਿਣਤੀ ਸਭਨਾਂ ਲੋਕਾਂ ਦੀ ਹੋਈ ਤੇ ਉਸ ਤਰ੍ਹਾਂ ਟੂਰਿਸਟ ਬੱਸਾਂ ਨਾਲ ਸਕਿਉਰਿਟੀ ਤੇ ਅਖੀਰ ਪਾਕਿਸਤਾਨ ਦੇ ਬਾਰਡਰ ਤੇ ਪਹੁੰਚਦਿਆਂ ਉਸੇ ਤਰ੍ਹਾਂ ਮਹਿਮਾਨ ਨਿਵਾਜ਼ੀ ਸਾਡੇ ਤੇ ਫੁੱਲ ਸੁੱਟ ਕੇ ਤੇ ਸਾਡੇ ਗੱਲਾਂ ਵਿਚ ਗੁਲਾਬ ਦੇ ਫੁਲਾਂ ਦੀ ਹਾਰ ਪਾ ਕੇ ਤੇ ਮਿੱਠੀ ਛਬੀਲ ਪਿਆ ਕੇ ਸਾਨੂੰ ਜੱਫੀ ਪਾ ਕੇ ਮਿਲਦਿਆਂ ਭਾਰਤ ਤੋਂ ਤੋਰਿਆ ਤੇ ਆਉਣ ਲਈ ਧੰਨਵਾਦ ਦੀ ਕੀਤਾ। ਸੱਚ ਮੰਨਿਓਂ ਅਜਿਹਾ ਭਾਵੇਂ ਕੋਈ ਆਪਣਾ ਵੀ ਕਿਉਂ ਨਾ ਹੋਵੇ ਏਨੀ ਇੱਜ਼ਤ ਨਹੀਂ ਕਰਦਾ। ਅੰਦਰੋਂ ਦਿੱਲ ਵਾਪਸ ਆਉਣ ਲੱਗਿਆ ਤੇ ਉਸ ਦੇਸ਼ ਨੂੰ ਛੱਡਣ ਲੱਗਿਆ ਭਰਿਆ ਪਿਆ ਸੀ ਕਿ ਸ਼ਾਇਦ ਉਹ ਲੋਕ ਵੀ ਸਾਡੇ ਆਪਣੇ ਹਨ ਤੇ ਜਿੱਥੇ ਗੁਰੂ ਘਰ ਵੀ ਆਪਣੇ ਸੀ।

ਖੇਤੀ ਦੀ ਗੱਲ ਕਰੀਏ ਤਾਂ ਸੜਕਾਂ ਦੇ ਕੰਢੇ ਤੇ ਤਿੰਨ ਗੱਲਾਂ ਬਹੁਤ ਵਧੀਆ ਲੱਗੀਆਂ ਪਹਿਲੀ ਇਹ ਕਿ ਕਣਕ ਦਾ ਨਾੜ ਖੜ੍ਹਾ ਸੀ ਤੇ ਕਿਸੇ ਨੇ ਉਸ ਨੂੰ ਨਹੀਂ ਸਾੜਿਆ। ਜਿਸ ਦਾ ਉਹਨਾਂ ਦੀ ਆਵਾਮ ਨੂੰ ਪੁੱਛਣ ਤੇ ਪਤਾ ਲੱਗਾ ਕਿ ਜੇ ਕੋਈ ਖੇਤ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਂਦਾ ਹੈ ਤਾਂ ਉਸ ਦੀ ਸਰਕਾਰੀ ਪਾਣੀ ਦੀ ਵਾਰੀ ਕੱਟ ਦਿੱਤੀ ਜਾਂਦੀ ਹੈ। ਦੂਜਾ ਖੇਤੀ ਵਿਭਿੰਨਤਾ ਵਿਚ ਬਾਂਸ ਦੀ ਕਾਸ਼ਤ ਵੀ ਵਧੇਰੇ ਕੀਤੀ ਸੀ। ਲੋਕਾਂ ਨੇ ਦੱਸਿਆ ਕਿ ਸਾਡੀ ਕਣਕ ਅਜੇ ਵੀ ਵਿਕਣ ਨੂੰ ਘਰਾਂ ਵਿਚ ਪਈ ਹੈ ਤੇ ਝੋਨਾ ਹੋਲੀ ਹੋਲੀ 20 ਜੁਲਾਈ ਤੋਂ ਬਾਅਦ ਪਾਣੀ ਮਿਲਣ ਦੇ ਲੱਗਣਾ ਸ਼ੁਰੂ ਹੋਵੇਗਾ। ਪਰ ਲੋਕ ਸੁੱਕੀ ਹੀ ਜ਼ਮੀਨ ਵਾਹੁੰਦੇ ਆਮ ਦੇਖੇ ਗਏ। ਉਹਨਾਂ ਸੋਲਰ ਪਾਵਰ ਨੂੰ ਵਧੇਰੇ ਤਵੱਜੋ ਦਿੱਤੀ ਦਿਸੀ। ਰੁੱਖਾਂ ਦੀ ਕਟਾਈ ਨਾ ਬਰਾਬਰ ਸੀ ਕਿੱਕਰ ਸਰੀਂਹ ਪਿੰਡਾਂ 'ਚ ਆਮ ਦਿਖਾਈ ਦਿੱਤੇ।

ਸੜਕਾਂ ਦੀ ਗੱਲ ਵੀ ਕਰਨੀ ਬਣਦੀ ਹੈ ਕਿਉਕਿ ਸਰਕਾਰਾਂ ਸੜਕਾਂ ਤੋਂ ਅੱਗੇ ਵੱਧਦੀ ਘੱਟ ਹੀ ਨਜ਼ਰ ਆਉਂਦੀਆਂ ਪਰ ਪਾਕਿਸਤਾਨ ਵਿਚ ਹਾਈਵੇਅ ਸਾਰੇ ਐਮ ਟੋਲ ਬੈਰੀਅਰ ਨਾਲ ਭਰੇ ਪਏ ਹਨ। ਬੇਸ਼ੱਕ ਸੜਕਾਂ ਫੋਰ ਵੇਅ ਸਨ ਪਰ ਮੁੱਲ ਦੀ ਰਾਹਦਾਰੀ ਦੇਣ ਨਾਲ ਹੀ ਖੂਬਸੂਰਤੀ ਦਿਸਦੀ ਸੀ। ਪਹਾੜਾਂ ਵਿਚ ਵੀ ਖੱਡਾਂ ਵਾਲੇ ਪਾਸੇ ਸੜਕਾਂ ਸੀਮਿੰਟ ਦੀਆਂ ਦੇਖੀਆਂ ਤਾਂ ਜੋ ਸਾਧਨ ਫਿਸਲਣ ਦਾ ਡਰ ਨਾ ਰਹੇ, ਪਹਾੜ ਵੱਲ ਲੁੱਕ ਦੀ ਸੜਕ ਸੀ। ਮਹਿੰਗਾਈ ਵੀ ਉਹਨਾਂ ਦੇ ਹਿਸਾਬ ਨਾਲ ਬਥੇਰੀ ਸੀ ਚਾਹ ਸਾਨੂੰ ਰੋਡ ਤੇ ਖੜੇ ਸਟਾਪੇਜ ਤੇ 120 ਰੁਪਏ ਦੀ ਮਿਲੀ, ਨਿੰਬੂ ਪਾਣੀ ਦਾ ਗਲਾਸ 100 ਰੁਪਏ ਦਾ, ਅੱਧਾ ਲਿਟਰ ਪੈਪਸੀ 100 ਰੁਪਏ, ਡੀਜ਼ਲ 270 ਰੁਪਏ, ਖੁੱਲ੍ਹਾ ਦੁੱਧ 160 ਰੁਪਏ ਸੀ। ਬੁਲੇਟ ਮੋਟਰਸਾਈਕਲ ਤੇ ਸਕੂਟਰੀਆਂ ਲੜਕੀਆਂ ਦੀਆਂ ਨਾ ਬਰਾਬਰ ਸੀ।

ਇਕ ਦੋ ਗੱਲਾਂ ਹੋਰ ਵਿਚਾਰਕ



ਸਨ ਜੋ ਬੇਹੱਦ ਦੁਖਦਾਈ ਕਰਦੀਆਂ ਕਿਉਕਿ ਪਾਕਿਸਤਾਨ ਗਏ ਜੱਥਿਆਂ ਵਿਚ ਜ਼ਿਆਦਾ ਤਾਦਾਦ ਬਜ਼ੁਰਗਾਂ ਦੀ ਹੁੰਦੀ ਹੈ ਜੋ ਦਵਾ ਦਾਰੂ ਨਾਲ ਚੱਲ ਪਾਉਂਦੇ ਹਨ ਤੇ ਬਹੁਤ ਜ਼ਿਆਦਾ ਬੈਠਕ ਅਤੇ ਚੱਲਣ ਫਿਰ ਦੇ ਅਸਮਰਥ ਹੁੰਦੇ ਹਨ। ਮੈਂ ਨਿੱਜੀ ਤੌਰ ਤੇ ਜਦੋਂ ਜਥੇ ਨਾਲ ਆਏ ਬਜ਼ੁਰਗਾਂ ਦੀ ਹਾਲਤ ਜ਼ਿਆਦਾ ਵਿਗੜੀ ਦੇਖ ਕੇ ਉਥੋਂ ਦੇ ਐਸ ਐਸ ਪੀ ਰੈਂਕ ਦੇ ਜਾਂ ਉਸ ਤੋਂ ਵੀ ਉਪਰ ਦੇ ਅਧਿਕਾਰੀ ਹੋ ਸਕਦੇ ਹਨ ਕਿਉਕਿ ਕਿ ਕੁੱਲ ਜੱਥੇ ਦੀ ਸਕਿਉਰਿਟੀ ਵਿਚ ਪੁਲਿਸ ਦੇ ਨਾਲ ਅੱਗੇ ਚੱਲ ਰਹੇ ਸਨ ਤੇ ਪੂਰੀ ਮੈਨੇਜਮੈਂਟ ਉਹਨਾਂ ਦੇ ਨਾਲ ਗੱਲਬਾਤ ਕਰਕੇ ਚੱਲ ਰਹੀ ਸੀ। ਉਹਨਾਂ ਦੇ ਧਿਆਨ ਵਿਚ ਲਿਆਂਦਾ ਕਿ ਜੇਕਰ ਬਜ਼ੁਰਗ 70 ਸਾਲ ਤੋਂ ਉਪਰ ਹੈ ਤਾਂ ਉਸ ਕੋਲੋਂ ਉਸ ਐਸ ਐਮ ਓ ਤੋਂ ਫਿੱਟਨੈੱਸ ਸਰਟੀਫਿਕੇਟ ਜ਼ਰੂਰ ਨੱਥੀ ਕਰਵਾਉਣ। ਮੈਨੂੰ ਲੱਗਦਾ ਹੈ ਮੰਸ਼ਾ ਨੂੰ ਲਾਸ਼ ਨਾਲ ਨਹੀਂ ਤੋਲਿਆ ਜਾ ਸਕਦਾ। ਜੱਥੇ ਵਿਚ ਪਤਾ ਲੱਗਾ ਕਿ ਬਹੁਤ ਸਾਰੇ ਬਜ਼ੁਰਗਾਂ ਦੇ ਪਰਿਵਾਰਾਂ ਵੱਲੋਂ ਆਪ ਹੀ ਭਰ ਦਿੱਤਾ ਜਾਂਦਾ ਹੈ ਕਿ ਜਾ ਬਾਪੂ ਤੂੰ ਵਿਹਲਾ ਹੈ ਫਿਰ ਤੁਰ ਆ। ਇਕੱਲੇ ਦੀ ਸਾਂਭ ਸੰਭਾਲ ਕੀਤੇ ਉਸ ਦੇ ਭਾਰੀ ਸਮਾਨ ਨਾਲ ਤੁਰਨਾ ਫਿਰਨਾ ਔਖਾ ਨਜ਼ਰ ਆਇਆ। ਬਹੁਤੇ ਤਾਂ ਦੁਪਹਿਰ ਨੂੰ ਤੇ ਜਾਂ ਰਾਤ 8.00 ਵਜੇ ਵੀ ਗੁਰੂ ਘਰਾਂ ਵਿਚ ਬਾਣੀ ਸੁਣਦੇ ਨਹੀਂ ਬਲਕਿ ਗੱਦਿਆਂ ਤੇ ਆਰਾਮ ਕਰਦੇ ਹੀ ਦਿਸੇ। ਅਖੀਰਲੇ ਦਿਨ ਇਕ ਦੀ ਮੌਤ ਦੀ ਖਬਰ ਜ਼ਿਆਦਾ ਬਿਮਾਰ ਹੋਰ ਕਰਕੇ ਆਈ।

ਕੁਝ ਦੋਸਤਾਂ ਦੇ ਦਿਮਾਗ ਵਿਚ ਹੋਵੇਗਾ ਕਿ ਜ਼ਿਆਦਾ ਲਾਹੌਰ ਬਾਰੇ ਹੀ ਕਿਉਂ ਲਿਖਿਆ ਹੈ, ਇਹ ਤੁਹਾਨੂੰ ਦੱਸ ਦੇਈਏ ਕਿ ਸਾਨੂੰ ਸਮਾਜ ਵਿਚ ਵਿਚਰਨ ਦਾ ਮੌਕਾ ਕੇਵਲ ਲਾਹੌਰ ਵਿਚ ਹੀ ਮਿਲਿਆ। ਬਾਕੀ ਸਥਾਨ ਤੇ ਕੇਵਲ ਗੁਰੂ ਘਰਾਂ ਵਿਚ ਸਮਾਂ ਬਤੀਤ ਹੋਇਆ। ਹੋ ਸਕਦਾ ਸਕਿਉਰਟੀ ਦਾ ਕਾਰਨ ਹੋ ਸਕਦਾ ਹੈ ਜੋ ਬਾਹਰ ਬਜ਼ਾਰ ਵਿਚ ਨਹੀਂ ਜਾਣ ਦਿੱਤਾ। ਲਾਹੌਰ ਵਿਚ ਸਾਨੂੰ ਬਾਬੇ ਮਰਦਾਨੇ ਜੀ ਦੀ 18ਵੀਂ ਕੁੱਲ ਵੀ ਮਿਲੀ ਜੋ ਨਈਆਂ ਖਾਨ ਸਨ। ਕੁਝ ਸੂਝਵਾਨਾਂ ਦੱਸਿਆ ਕਿ ਪੀਰ ਬੁੱਧੂਸ਼ਾਹ ਜੀ ਦੇ ਪਰਿਵਾਰ ਵੀ ਸਾਡੇ ਕੋਲ ਰਹਿ ਰਹੇ ਹਨ।

ਗੱਲ ਲਾਹੌਰ ਦੀ ਬਣੀ ਪੁਰਾਣੀ ਬਾਤਾਂ ਦੀ ਕਰਦੇ ਹਾਂ ਕਿ ਉਹ ਕਹਿੰਦੇ ਹਨ ਕਿ ਜਿੰਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆਂ ਹੀ ਨਹੀਂ। ਬੱਸ ਉਹ ਗੱਲ ਪੂਰੀ ਕਰਕੇ ਜੰਮ ਜ਼ਰੂਰ ਆਏ ਹਾਂ। ਦੋਸਤੋ ਬਿਨਾ ਕਿਸੇ ਡਰ ਭੈਅ ਦੇ ਪਰਿਵਾਰ ਸਮੇਤ ਜ਼ਰੂਰ ਜਾਓ। ਕਿਸੇ ਤਰ੍ਹਾਂ ਦੀ ਕੋਈ ਡਰਨ ਦੀ ਲੋੜ ਨਹੀਂ। ਉਸ ਤੋਂ ਵੀ ਵੱਡੀ ਗੱਲ ਆਪਣੇ ਸਿੱਖੀ ਦੇ ਮੋਢੀਆਂ ਦੇ ਸਥਾਨਾਂ ਦੇ ਗੁਰੂ ਧਾਮਾਂ ਦੇ ਦਰਸ਼ਨ ਕਰ ਹਾਜ਼ਰੀ ਜ਼ਰੂਰ ਭਰ ਆਏ ਹਾਂ। ਲੇਖ ਕਿਸੇ ਅਦਾਰੇ ਨਾਲ ਸਬੰਧਤ ਨਹੀਂ ਕੇਵਲ ਸਮਾਜ ਵਿਚ ਵਿਚਰਦੇ ਮਹਿਸੂਸ ਕੀਤੇ ਗੱਲਬਾਤ ਦੇ ਨਜ਼ਰੀਏ ਤੋਂ ਜੋ ਲਗਦਾ ਸੀ, ਮੋਟੇ ਮੋਟੇ ਤੱਥਾਂ ਤੇ ਝਾਤ ਵੱਜੀ।

# ਕਾਲੀ ਤੋਰੀ ਦੇ ਕਾਸ਼ਤਕਾਰਾਂ ਦੀ ਕਿਸਮਤ ਚਮਕੀ, ਇਕ ਏਕੜ 'ਚੋਂ ਦੋ ਲੱਖ ਦੀ ਕਮਾਈ


ਪਿਛਲੇ ਦਿਨਾਂ ਤੋਂ ਸਬਜ਼ੀਆਂ ਦੇ ਭਾਅ ਵਿਚ ਤੇਜ਼ੀ ਆਉਣ ਕਾਰਨ ਸਬਜ਼ੀ ਕਾਸ਼ਤਕਾਰ ਖੁਸ਼ ਹਨ ਉਥੇ ਇਸ ਵਾਰ ਕਾਲੀ ਤੋਰੀ ਦਾ ਭਾਅ ਤੇਜ਼ ਹੋਣ ਕਾਰਨ ਕਾਲੀ ਤੋਰੀ ਬਿਜਾਈ ਕਰਨ ਵਾਲੇ ਕਾਸ਼ਤਕਾਰਾਂ ਦੀ ਕਿਸਮਤ ਵੀ ਚਮਕੀ ਹੋਈ ਹੈ।

ਇਕ ਏਕੜ ਜ਼ਮੀਨ ਵਿਚੋਂ ਕਰੀਬ ਦੋ ਲੱਖ ਰੁਪਏ ਦੀ ਕਾਲੀ ਤੋਰੀ ਵੇਚ ਚੁੱਕੇ ਕਸਬਾ ਕਲਾਨੌਰ ਦੇ ਸਕੇ ਭਰਾ ਹਰਪਾਲ ਸਿੰਘ ਅਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ 20 ਸਾਲ ਤੋਂ ਲਗਾਤਾਰ ਕਾਲੀ ਤੋਰੀ ਦੀ ਕਾਸ਼ਤ ਕਰਦੇ ਆ ਰਹੇ ਹਨ ਪਰੰਤੂ ਇਸ ਵਾਰ ਕਾਲੀ ਤੋਰੀ ਦਾ ਝਾੜ ਚੋਖਾ ਨਿਕਲਣ ਦੇ ਨਾਲ-ਨਾਲ ਰੇਟ ਵੀ ਵਧੀਆ ਹੋਣ ਕਾਰਨ ਉਹਨਾਂ ਵੱਲੋਂ ਹੁਣ ਤੱਕ 2 ਲੱਖ ਰੁਪਏ ਦੀ ਕਾਲੀ ਤੋਰੀ ਵੇਚੀ ਜਾ ਚੁੱਕੀ ਹੈ। ਜਦਕਿ ਲਗਾਤਾਰ ਦੋ ਮਹੀਨੇ ਹੋਰ ਇਸੇ ਤਰ੍ਹਾਂ ਹੀ ਕਾਲੀ ਤੋਰੀ ਦੀ ਤੁੜਵਾਈ ਹੁੰਦੀ ਰਹੇਗੀ। ਹਰਪਾਲ ਸਿੰਘ ਅਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਮਾਰਚ



ਮਹੀਨੇ ਦੇ ਦੂਸਰੇ ਹਫਤੇ ਇਕ ਰਕਬੇ ਵਿਚ ਕਾਲੀ ਤੋਰੀ ਦੀ ਬਿਜਾਈ ਕੀਤੀ ਸੀ ਉਸਨੇ ਦੱਸਿਆ ਕਿ ਸ਼ੁਰੂ ਵਿਚ ਕਾਲੀ ਤੋਰੀ ਪ੍ਰਤੀ ਕਿਲੋ 35 ਰੁਪਏ ਵਿਕਰੀ ਸ਼ੁਰੂ ਹੋਈ ਸੀ ਜਦਕਿ ਇਸ ਸਮੇਂ 45 ਤੋਂ 50 ਰੁਪਏ ਪ੍ਰਤੀ ਕਿਲੋ ਮੰਡੀ ਵਿਚ ਵਿਕ ਰਹੀ ਹੈ।

ਉਹ ਪਿਛਲੇ 20 ਸਾਲ ਤੋਂ ਕਾਲੀ ਤੋਰੀ ਦੀ ਬਿਜਾਈ ਕਰਦੇ ਆ ਰਹੇ ਹਨ। ਇਸ ਵਾਰ ਚੰਗਾ ਝਾੜ ਹੋਣ ਕਰਕੇ ਉਹ ਮਾਲੋ ਮਾਲ ਹੋ ਰਹੇ ਹਨ। ਇਸ ਤਰ੍ਹਾਂ ਹੀ ਭਾਅ ਤੇਜ਼ ਰਿਹਾ ਤਾਂ ਉਹਨਾਂ ਨੂੰ ਇਸ ਵਾਰ 4 ਲੱਖ ਰੁਪਏ ਤੱਕ ਪ੍ਰਤੀ ਏਕੜ ਵਿੱਚੋਂ ਕਾਲੀ ਤੋਰੀ ਦੀ ਆਮਦਨ ਹੋਣ ਹੀ ਉਮੀਦ ਹੈ।



# ਕੇਂਦਰੀ ਬਜਟ
# ਪੰਜਾਬ ਦੇ ਖੇਤੀ ਵਿਕਾਸ ਨੂੰ ਨਜ਼ਰ ਅੰਦਾਜ਼ ਕੀਤਾ ਗਿਆ

ਕੇਂਦਰੀ ਬੱਜਟ ਦੀ ਉਡੀਕ ਸਾਰੇ ਨਾਗਰਿਕਾਂ ਨੂੰ ਰਹਿੰਦੀ ਹੈ ਪਰ ਸਭ ਤੋਂ ਵੱਧ ਤਾਂਘ ਵਿਉਪਾਰੀਆਂ ਅਤੇ ਸਨਅਤਕਾਰਾਂ ਨੂੰ ਹੁੰਦੀ ਹੈ । ਜੇਕਰ ਕਿਸੇ ਵਸਤੂ ਉੱਤੇ ਟੈਕਸ ਘਟ ਕੀਤਾ ਗਿਆ ਹੈ ਤਾਂ ਉਨ੍ਹਾਂ ਦੀ ਬਚਤ ਵਧ ਜਾਂਦੀ ਹੈ ਕਿਉਕਿ ਇਸ ਦਾ ਲਾਭ ਖਪਤਕਾਰ ਤੱਕ ਘੱਟ ਹੀ ਪਹੁੰਚਦਾ ਹੈ । ਉਂਞ ਵੀ ਬਜਟ ਕੇਵਲ ਅੰਕੜਿਆਂ ਦਾ ਹੀ ਹੇਰ ਫੇਰ ਹੁੰਦਾ ਹੈ । ਸਰਕਾਰੀ ਖਰਚੇ ਪਹਿਲਾਂ ਨਾਲੋਂ ਹਰ ਸਾਲ ਵਧ ਜਾਂਦੇ ਹਨ । ਜੇਕਰ ਸਰਕਾਰ ਦੀ ਆਮਦਨ ਵਿਚ ਵਾਧਾ ਹੁੰਦਾ ਹੈ ਤਾ ਇਹੋ ਖਰਚੇ ਹੀ ਮਸਾਂ ਪੂਰੇ ਹੁੰਦੇ ਹਨ । ਵਿਕਾਸ ਕਾਰਜਾਂ ਲਈ ਬਹੁਤ ਘੱਟ ਪੈਸਾ ਹੁੰਦਾ ਹੈ ਜਿਹੜਾ ਵੀ ਕੋਈ ਨਵਾਂ ਵਿਕਾਸ ਕਾਰਜ ਹੁੰਦਾ ਹੈ ਉਹ ਆਮ ਤੌਰ ਉੱਤੇ ਸਰਕਾਰ ਕਰਜਾ ਲੈ ਕੇ ਹੀ ਪੂਰਾ ਕਰਦੀ ਹੈ । ਇਸੇ ਕਰਕੇ ਆਮ ਤੌਰ ਬਜਟ ਘਾਟੇ ਦਾ ਹੀ ਹੁੰਦਾ ਹੈ ਤੇ ਇਹ ਘਾਟਾ ਕਰਜੇ ਨਾਲ ਹੀ ਪੂਰਾ ਕੀਤਾ ਜਾਂਦਾ ਹੈ ।

ਇਸ ਵਾਰ ਦੇ ਬਜਟ ਵਲ ਸਰਸਰੀ ਨਜ਼ਰ ਮਾਰੀਏ ਤਾਂ ਕੋਈ ਵਿਸ਼ੇਸ਼ ਤਬਦੀਲੀ ਨਜ਼ਰ ਨਹੀਂ ਆਉਂਦੀ । ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਤੇ ਇਸ ਦੀ ਘੱਟੋ ਘੱਟ ਅੱਧੀ ਵੱਸੋਂ ਖੇਤੀ ਉੱਤੇ ਨਿਰਭਰ ਕਰਦੀ ਹੈ । ਦੇਸ਼ ਦੀ ਬਹੁਗਿਣਤੀ ਕਿਸਾਨ ਛੋਟੇ ਹਨ ਤੇ ਗਰੀਬੀ ਵਿਚ ਹੀ ਰਹਿੰਦੇ ਹਨ । ਇਸ ਵਰਗ ਦੀ ਆਮਦਨ ਵਿਚ ਵਾਧੇ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ ।

ਇਸ ਵਾਰ ਦੇ ਕੇਂਦਰੀ ਬਜਟ ਵਿਚ ਵਿੱਤ ਮੰਤਰੀ ਦੇ ਆਖਣ ਅਨੁਸਾਰ ਜੋ ਤਰਜੀਹਾਂ ਦਿੱਤੀਆਂ ਗਈਆਂ ਉਸ ਵਿਚ ਸਭ ਤੋਂ ਉੱਤੇ ਖੇਤੀ ਉਤਪਾਦਕਤਾ ਵਿਚ ਵਾਧੇ ਨੂੰ ਰੱਖਿਆ ਗਿਆ ਹੈ । ਇਹ ਜ਼ਰੂਰੀ ਵੀ ਹੈ ਕਿਉਕਿ ਵੱਸੋਂ ਵਿਚ ਹੋ ਰਹੇ ਤੇਜ਼ੀ ਨਾਲ ਵਾਧੇ ਕਾਰਨ ਭੋਜਨ ਦੀਆਂ ਲੋੜਾਂ ਵਿਚ ਵੀ ਹਰੇਕ ਵਰ੍ਹੇ ਵਾਧਾ ਹੋ ਰਿਹਾ ਹੈ । ਖੇਤੀ ਖੇਤਰ ਲਈ ਕੇਵਲ 1.52 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਜਿਸ ਵਿਚ ਮੁੱਖ ਤੌਰ ਉੱਤੇ ਖੇਤੀ ਖੋਜ ਵਿਵਸਥਾ ਦੀ ਵਿਆਪਕ ਸਮੀਖਿਆ ਕੀਤੀ ਜਾਵੇਗੀ, ਜਿਸ ਵਿਚ ਨਿੱਜੀ ਖੇਤਰ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ਸਰਕਾਰ ਨੇ 32 ਖੇਤੀ ਅਤੇ ਬਾਗਬਾਨੀ ਫਸਲਾਂ ਦੀਆਂ ਨਵੀਆਂ 109 ਕਿਸਮਾਂ ਜਾਰੀ ਕਰਨ ਕੁਦਰਤੀ ਖੇਤੀ ਨੂੰ ਹੁਲਾਰਾ ਅਤੇ ਦਾਲਾਂ ਤੇ ਤਿਲਾਂ ਵਿਚ ਆਤਮਨਿਰਭਰਤਾ ਹਾਸਿਲ ਕਰਨ ਲਈ ਇਕ ਕਾਰਜਨੀਤੀ ਬਣਾਏ ਜਾਣ ਦਾ ਐਲਾਨ ਕੀਤਾ । ਜੇਕਰ ਇਸ ਕਥਨ ਵਾਲੀ ਝਾਤੀ ਮਾਰੀ ਜਾਵੇ ਤਾਂ ਸਿੱਧੇ ਤੌਰ ਉੱਤੇ ਕਿਸਾਨਾਂ ਦੇ ਹਿੱਤਾਂ ਬਾਰੇ ਕੁਝ ਵੀ ਨਹੀਂ ਆਖਿਆ ਗਿਆ । ਪੰਜਾਬ ਜਿਹੜਾ ਦੇਸ਼ ਦਾ ਅੰਨਦਾਤਾ ਹੈ ਅਤੇ ਜਿਸ ਨੂੰ ਵਿਸ਼ੇਸ਼ ਹੁਲਾਰੇ ਦੀ ਲੋੜ ਹੈ ਉਸ ਬਾਰੇ ਕੁਝ ਵੀ ਨਹੀਂ ਹੈ ।

ਬਜਟ ਵਿਚ ਆਖਿਆ ਗਿਆ ਹੈ ਕਿ ਖੇਤੀ ਖੋਜ ਨੂੰ ਹੁਲਾਰਾ ਦਿੱਤਾ ਗਿਆ ਹੈ । ਇੱਥੋ ਇਹ ਦੱਸਣਾ ਉਚਿਤ ਹੋਵੇਗਾ ਕਿ ਭਾਰਤ ਦਾ ਖੇਤੀ ਖੋਜ ਢਾਂਚਾ ਸੰਸਾਰ ਵਿਚ ਸਾਰੇ ਦੇਸ਼ਾਂ ਤੋਂ ਵੱਡਾ ਹੈ । ਖੇਤੀ ਖੋਜ ਦੀ ਨਿਗਰਾਨੀ ਭਾਰਤੀ ਖੇਤੀ ਖੋਜ ਪਰੀਸ਼ਦ ਕਰਦੀ ਹੈ । ਇਸ ਦੇ ਕੋਈ 113 ਆਪਣੇ ਖੋਜ ਕੇਂਦਰ ਹਨ ਜਿਨ੍ਹਾਂ ਵਿੱਚੋਂ ਬਹੁਤ ਡੀਮਡ ਯੂਨੀਵਰਸਿਟੀਜ਼ ਹਨ । ਇਸ ਦੇ ਨਾਲ ਹੀ ਦੇਸ਼ ਵਿਚ 74 ਖੇਤੀ ਯੂਨੀਵਰਸਿਟੀਜ਼ ਹਨ । ਇਸ ਵਿੱਚ ਕੁਝ ਵੀ ਨਵਾਂ ਨਹੀਂ ਹੈ ਜੇਕਰ ਸਾਰੇ ਖੋਜ ਕੇਂਦਰ ਸਾਲ ਵਿੱਚ ਕਿਸੇ ਵੀ ਫਸਲ ਦੀ ਇਕ ਕਿਸਮ ਵਿਕਸਿਤ ਕਰਨ ਤਾਂ ਵੀ ਗਿਣਤੀ 187 ਹੋ ਜਾਂਦੀ ਹੈ ।

ਪੰਜਾਬ ਐਗਰੀ ਯੂਨੀਵਰਸਿਟੀ ਨੇ ਆਪਣੇ 60 ਸਾਲਾਂ ਦੇ ਸਫਰ ਵਿਚ ਰਾਸ਼ਟਰੀ ਪੱਧਰ ਦੀਆਂ 914 ਵਿਕਸਿਤ ਕੀਤੀਆਂ ਹਨ, ਜਿਨ੍ਹਾਂ ਕਰਕੇ ਹੀ ਪੰਜਾਬ ਦੇਸ਼ ਦਾ ਅੰਨਦਾਤਾ ਬਣਿਆ ਹੈ । ਪੰਜਾਬ ਕੇਵਲ, ਕਣਕ ਤੇ ਚੌਲਾਂ ਦੇ ਉਤਪਾਦਨ ਵਿਚ ਹੀ ਦੇਸ਼ ਦਾ ਮੋਹਰੀ ਨਹੀਂ ਹੈ ਸਗੋਂ ਪ੍ਰਤੀ ਜਾਨਵਰ ਦੁੱਧ, ਖੁੰਬਾਂ, ਸ਼ਹਿਦ, ਪ੍ਰਤੀ ਏਕੜ ਸਬਜ਼ੀਆਂ ਦੀ ਪੈਦਾਵਾਰ ਵਿਚ ਵੀ ਮੋਹਰੀ ਹੈ । ਇੰਝ ਖੇਤੀ ਖੋਜ ਬਾਰੇ ਰੱਖੀ ਰਾਸ਼ੀ ਵਿਚ ਕੋਈ ਨਵੀਨਤਾ ਨਹੀਂ ਹੈ । ਇਸ ਦਾ ਕਿਸਾਨਾਂ ਨੂੰ ਸਿੱਧੇ ਜਾਂ ਸਿੱਧੇ ਤੌਰ ਉੱਤੇ ਕੋਈ ਲਾਭ ਨਹੀਂ ਹੋਵੇਗਾ । ਖੇਤੀ ਖੋਜ ਵਿਚ ਨਿੱਜੀ ਖੇਤਰ ਨੂੰ ਸ਼ਾਮਲ ਕਰਨ ਨਾਲ ਕਿਸਾਨ ਨੂੰ ਲਾਭ ਦੀ ਥਾਂ ਨੁਕਸਾਨ ਹੀ ਹੋਵੇਗਾ । ਪਹਿਲਾਂ ਹੀ ਕਿਸਾਨ ਨਿੱਜੀ ਖੇਤਰ ਦੀ ਬੀਜ ਗੁਲਾਮੀ ਭੋਗ ਰਹੇ ਹਨ । ਇਹ ਬੀਜ ਕਿਸਾਨ ਨੂੰ ਹਰੇਕ ਵਾਰ ਨਵੇਂ ਲੈਣੇ ਪੈਂਦੇ ਹਨ ਅਤੇ ਇਸ ਦੀ ਕੀਮਤ ਕੰਪਨੀਆਂ ਨਿਰਧਾਰਿਤ ਕਰਦੀਆਂ ਹਨ । ਭਵਿੱਖ ਵਿਚ ਹੋਰ ਫਸਲਾਂ ਦੇ ਦੋਗਲੇ ਜਾਂ ਬੀਟੀ ਬੀਜ ਪੈਦਾ ਕਰਕੇ ਕੰਪਨੀਆਂ ਹੱਥੋਂ ਕਿਸਾਨਾਂ ਦੀ ਲੁੱਟ ਵਿਚ ਵਾਧਾ ਹੋਵੇਗਾ । ਦਾਲਾਂ ਅਤੇ ਤੇਲ ਬੀਜਾਂ ਵਿਚ ਆਤਮ



ਡਾ. ਰਣਜੀਤ ਸਿੰਘ

ਨਿਰਭਰਤਾ ਬਾਰੇ ਵੀ ਆਖਿਆ ਗਿਆ ਹੈ । ਕਿਸਾਨ ਇਨ੍ਹਾਂ ਦੀ ਕਾਸ਼ਤ ਉਦੋਂ ਹੀ ਕਰੇਗਾ ਜਦ ਨਿਰਧਾਰਿਤ ਘੱਟੋ ਘੱਟ ਮੁੱਲ ਉੱਤੇ ਉਪਜ ਦੀ ਖਰੀਦ ਯਕੀਨੀ ਬਣਾਈ ਜਾਵੇਗੀ । ਇਸ ਸਮੇਂ ਦਾਲਾਂ ਅਤੇ ਤੇਲ ਬੀਜ ਵੱਡੀ ਮਾਤਰਾ ਵਿਚ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਹਨ । ਜੇਕਰ ਇਨ੍ਹਾਂ ਦੀਆਂ ਵੱਧ ਝਾੜ ਦੇਣ ਅਤੇ ਕੀੜਿਆਂ ਦਾ ਮੁਕਾਬਲਾ ਕਰ ਸਕਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਣ ਅਤੇ ਉਪਜ ਦੀ ਵਿਕਰੀ ਦਾ ਸੁਚੱਜਾ ਪ੍ਰਬੰਧ ਹੋਵੇ ਤਾਂ ਦੇਸ਼ ਵਿਚ ਹੀ ਇਨ੍ਹਾਂ ਦੀ ਉਪਜ ਵਿਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ ।

ਬਜਟ ਵਿਚ ਕੁਦਰਤੀ ਖੇਤੀ ਨੂੰ ਵੀ ਹੁਲਾਰਾ ਦੇਣ ਬਾਰੇ ਆਖਿਆ ਗਿਆ ਹੈ । ਪੰਜਾਬ ਵਿਚ ਕੁਦਰਤੀ ਖੇਤੀ ਦੀਆਂ ਘੱਟ ਸੰਭਾਵਨਾਵਾਂ ਹਨ । ਇਥੇ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੈ । ਛੋਟੇ ਕਿਸਾਨ ਉਦੋਂ ਹੀ ਕੁਦਰਤੀ ਖੇਤੀ ਕਰ ਸਕਦੇ ਹਨ ਜਦੋਂ ਘੱਟੋ ਘੱਟ ਇਕ ਪਾਸੇ ਦੇ ਸਾਰੇ ਕਿਸਾਨ ਸਾਂਝੇ ਤੌਰ ਉੱਤੇ ਖੇਤੀ ਕਰਨ ਲਈ ਰਾਜੀ ਹੋਣ । ਕਿਸੇ ਇਕ ਕਿਸਾਨ ਵੱਲੋਂ ਵੀ ਕੀਤੀ ਰਸਾਇਣਾਂ ਦੀ ਵਰਤੋਂ ਸਾਰੇ ਪ੍ਰੋਜੈਕਟ ਨੂੰ ਨਿਕਾਰ ਸਕਦੀ ਹੈ । ਉਹ ਗੱਲ ਵੱਖਰੀ ਹੈ ਕਿ ਸਬਜ਼ੀਆਂ ਉੱਤੇ ਘੱਟ ਤੋਂ ਘੱਟ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਹੈ । ਪੰਜਾਬ ਦੀ ਸਾਰੀ ਖੇਤੀ ਮਸ਼ੀਨੀ ਹੋ ਗਈ ਹੈ । ਇਸ ਕਰਕੇ ਪਿੰਡਾਂ ਵਿੱਚੋਂ ਪਸ਼ੂ ਅਲੋਪ ਹੋ ਗਏ ਹਨ । ਇੰਝ ਰੂੜੀ ਬਹੁਤ ਘੱਟ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ । ਮਸ਼ੀਨਾਂ ਦੇ ਆਉਣ ਤੋਂ ਪਹਿਲਾਂ ਹਰੇਕ ਟੱਬਰ ਕੋਲ 8-10 ਡੰਗਰ ਹੁੰਦੇ ਸਨ । ਖੇਤ ਮਜ਼ਦੂਰ ਵੀ ਦੁਧਾਰੂ ਪਸ਼ੂ ਪਾਲਦੇ ਸਨ । ਬਹੁਤ ਘੱਟ ਖੇਤਾਂ ਵਿੱਚੋਂ ਦੋ ਫਸਲਾਂ ਲਈਆਂ ਜਾਂਦੀਆਂ ਸਨ । ਕਣਕ ਦੀ ਕਟਾਈ ਤੋਂ ਵਿਹਲੇ ਹੋ ਕੇ ਕਿਸਾਨ ਖੇਤਾਂ ਵਿਚ ਰੂੜੀ ਪਾਉਂਦੇ ਸਨ । ਪਹਿਲੇ ਮੀਂਹ ਪੈਣ ਪਿੱਛੋਂ ਰੂੜੀ ਨੂੰ ਖਿਲਾਰ ਕੇ ਵਾਹੀ ਕੀਤੀ ਜਾਂਦੀ ਸੀ । ਇੰਝ ਮੁੜ ਕਣਕ ਬੀਜਣ ਤੱਕ ਕਈ ਵਾਹੀਆਂ ਹੋ ਜਾਂਦੀਆਂ ਸਨ ਤੇ ਬਹੁਤ ਸਾਰੇ ਨਦੀਨ ਨਸ਼ਟ ਹੋ ਜਾਂਦੇ ਸਨ । ਮੁੜ-ਮੁੜ ਵਾਹੀ ਸਮੇਂ ਪੰਛੀ ਖੇਤਾਂ ਵਿੱਚੋਂ ਕੀੜੇ ਖਾ ਜਾਂਦੇ ਸਨ । ਹੁਣ ਸਾਲ ਵਿਚ ਦੋ ਫਸਲਾਂ ਲਾਈਆਂ ਜਾਂਦੀਆਂ ਹਨ ਤੇ ਕਈ ਕਿਸਾਨ ਤਿੰਨ ਫਸਲਾਂ ਵੀ ਲੈਂਦੇ ਹਨ । ਸਾਰੀਆਂ ਫਸਲਾਂ ਹੀ ਵੱਧ ਝਾੜ ਦੇਣ ਵਾਲੀਆਂ ਹਨ । ਇੰਝ ਧਰਤੀ ਨੂੰ ਖੁਰਾਕ ਵੀ ਪੂਰੀ ਚਾਹੀਦੀ ਹੈ । ਕੁਦਰਤੀ ਖੇਤੀ ਨਾਲ ਉਪਜ ਵੀ ਘੱਟ ਹੋਵੇਗੀ ਜਿਸ ਕਰਕੇ ਸਾਰੀ ਆਬਾਦੀ ਦੀਆਂ ਭੋਜਨ ਲੋੜਾਂ ਪੂਰੀਆਂ ਕਰਨੀਆਂ ਕਠਿਨ ਹੋ ਜਾਣਗੀਆਂ । ਕਿਸਾਨ ਦੀ ਆਮਦਨ ਵਿਚ ਵਾਧੇ ਦਾ ਸਭ ਤੋਂ ਕਾਰਗਰ ਢੰਗ ਉਸ ਦੀ ਉਪਜ ਨੂੰ ਵਾਜਬ ਕੀਮਤ ਉੱਤੇ ਖਰੀਦਣਾ ਹੈ । ਹੁਣ ਜੱਦ ਕਿਸਾਨ ਮੰਡੀ ਵਿਚ ਉਪਜ ਲੈ ਕੇ ਜਾਂਦਾ ਹੈ ਤਾਂ ਵਿਉਪਾਰੀ ਕੀਮਤ ਹੇਠਾਂ ਲੈ ਆਉਂਦੇ ਹਨ । ਉਸੇ ਮਾਲ ਨੂੰ ਵਿਉਪਾਰੀ ਦੁਗਣੇ ਮੁੱਲ ਉੱਤੇ ਵੇਚ ਦਿੰਦੇ ਹਨ । ਉਪਜ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਸਰਕਾਰੀ ਗਰੰਟੀ ਲਈ ਕਿਸਾਨ ਕਾਫੀ ਸਮੇਂ ਤੋਂ ਅੰਦੋਲਨ ਕਰ ਰਹੇ ਹਨ ਪਰ ਸਰਕਾਰ ਇਸ ਪਾਸੇ ਧਿਆਨ ਨਹੀਂ ਦੇ ਰਹੀ । ਵਿੱਤ ਮੰਤਰੀ ਨੇ ਇਹ ਆਖ ਪੱਲਾ ਛੁੜਾ ਲਿਆ ਕਿ ਸਾਡੀ ਸਰਕਾਰ ਲੇ ਤਕਰੀਬਨ ਇਕ ਮਹੀਨਾ ਪਹਿਲਾਂ ਹੀ ਫਸਲਾਂ ਲਈ ਐਮ ਐਸ ਪੀ ਦਾ ਐਲਾਨ ਕੀਤਾ ਸੀ । ਸਰਕਾਰ ਮੁੱਖ ਫਸਲਾਂ ਦਾ ਘੱਟੋ ਘੱਟ ਸਾਰਥਕ ਮੁੱਲ ਮਿੱਥਦੀ ਹੈ ਪਰ ਇਸ ਦਾ ਲਾਭ ਤਾਂ ਉਦੋਂ ਹੀ ਹੋਵੇਗਾ ਜੇਕਰ ਇਹ ਯਕੀਨੀ ਬਣਾਇਆ ਜਾਵੇ ਕਿ ਸਰਕਾਰ ਮੰਡੀ ਵਿਚ ਇਸ ਤੋਂ ਘੱਟ ਮੁੱਲ ਉੱਤੇ ਉਪਜ ਦੀ ਵਿਕਰੀ ਨਹੀਂ ਹੋਣ ਦੇਵੇਗੀ । ਜੇਕਰ ਸਰਕਾਰ ਚਾਹਵੇ ਤਾਂ ਰਾਜ ਸਰਕਾਰਾਂ ਦੇ ਮੰਡੀ ਬੋਰਡਾਂ ਦੀ ਮਦਦ ਨਾਲ ਅਜਿਹਾ ਕਰ ਸਕਦੀ ਹੈ ।

ਖੇਤੀ ਵਿਕਾਸ ਵਿਚ ਜਿੱਥੇ ਦੂਜੇ ਰਾਜ ਹੁਣ ਪਹੁੰਚੇ ਹਨ ਪੰਜਾਬ ਉਸ ਮੁਕਾਮ ਉੱਤੇ ਅੱਧੀ ਸਦੀ ਪਹਿਲਾਂ ਪਹੁੰਚ ਗਿਆ ਸੀ । ਇਸ ਕਰਕੇ ਪੰਜਾਬ ਅਤੇ ਨਾਲ ਲਗਦੇ ਹਰਿਆਣਾ ਲਈ ਖੇਤੀ ਵਿਕਾਸ ਲਈ ਵੱਖਰੀ ਨੀਤੀ ਚਾਹੀਦੀ ਹੈ । ਹੁਣ ਪੰਜਾਬ ਨੂੰ ਵੀ ਉਸੇ ਸਕੀਮ ਹੇਠ ਰੱਖਿਆ ਜਾਂਦਾ ਹੈ ਜਿਸ ਅਧੀਨ ਉੜੀਸਾ ਆਉਂਦਾ ਹੈ । ਪਿੰਡਾਂ ਦੀਆਂ ਸੜਕਾਂ, ਨਾਲੀਆਂ, ਪੀਣ ਵਾਲਾ ਪਾਣੀ, ਬੀਜਾਂ ਉੱਤੇ ਰਿਆਇਤਾਂ ਆਦਿ ਦਿੱਤੀਆਂ ਜਾਂਦੀਆਂ ਹਨ । ਪੰਜਾਬ ਨੂੰ ਇਨ੍ਹਾਂ ਦੀ ਲੋੜ ਨਹੀਂ ਹੈ । ਪੰਜਾਬੀ

ਬਾਕੀ ਸਫਾ 15 'ਤੇ

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

## ਆਉਣ ਵਾਲੀਆਂ ਪੀੜ੍ਹੀਆਂ ਲਈ

# ਗੰਭੀਰ ਖਤਰਾ ਹੈ ਪਾਣੀ ਦਾ ਸੰਕਟ

ਦਵਿੰਦਰ ਕੌਰ ਖੁਸ਼ ਧਾਲੀਵਾਲ,
ਰਿਸਰਚ ਐਸੋਸੀਏਟ, ਧੂਰਕੋਟ
ਮੋਗਾ, ਗੁਰੂ ਨਾਨਕ ਚੇਅਰ,
ਚੰਡੀਗੜ੍ਹ ਯੂਨੀਵਰਸਿਟੀ।
ਮੋ. 88472-27740

ਇਸ ਸਮੇਂ ਸੰਸਾਰ ਦੀ ਵੱਡੀ ਆਬਾਦੀ ਪੀਣਯੋਗ ਪਾਣੀ ਦੇ ਸੰਕਟ ਨਾਲ ਜੂਝ ਰਹੀ ਹੈ। ਹਰ ਸਾਲ ਤਕਰੀਬਨ 12 ਲੱਖ ਲੋਕ ਪੀਣ ਵਾਲਾ ਸਾਫ ਪਾਣੀ ਨਾ ਮਿਲਣ ਕਾਰਨ ਮਾਰੇ ਜਾਂਦੇ ਹਨ। ਘੱਟ ਆਮਦਨ ਵਾਲੇ ਦੇਸ਼ਾਂ 'ਚ ਹਰ ਸਾਲ 6 ਫੀਸਦੀ ਮੌਤਾਂ ਸਾਫ ਪਾਣੀ ਨਾ ਮਿਲਣ ਕਾਰਨ ਹੁੰਦੀਆਂ ਹਨ। ਅਫਰੀਕਾ ਮਹਾਂਦੀਪ ਦੇ ਦੇਸ਼ ਜਿਵੇਂ ਨਾਈਜੀਰੀਆ, ਦੱਖਣੀ ਅਫਰੀਕਾ ਆਦਿ 'ਚ ਹਾਲਤਾਂ ਭਿਆਨਕ ਹਨ। ਭਾਰਤ 'ਚ ਵੀ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਝਾਰਖੰਡ ਵਰਗੇ ਸੂਬੇ ਪਿਛਲੇ ਕੁਝ ਸਮੇਂ 'ਚ ਸੋਕੇ ਦੀ ਮਾਰ ਝੱਲ ਚੁੱਕੇ ਹਨ। ਹੁਣ



ਹਾਲਾਤ ਇਹ ਹਨ ਕਿ ਅਮਰੀਕਾ ਵਰਗੇ ਸਾਮਰਾਜੀ ਦੇਸ਼ ਦੇ ਕੁਝ ਸੂਬਿਆਂ 'ਚ ਹੀ ਹਾਲਤ ਚਿੰਤਾਜਨਕ ਹਨ। ਸੰਸਾਰ ਭਰ 'ਚ ਵਾਤਾਵਰਨ ਮਾਹਿਰ ਇਹ ਚਿਤਾਵਨੀ ਦੇ ਰਹੇ ਹਨ ਕਿ ਆਉਣ ਵਾਲੇ ਸਮੇਂ 'ਚ ਪਾਣੀ ਦੇ ਸਰੋਤਾਂ ਉੱਪਰ ਕਬਜ਼ੇ ਲਈ ਜੰਗਾਂ ਹੋਣਗੀਆਂ।

ਪਾਣੀ ਸਰੋਤਾਂ ਨੂੰ ਜੰਗੀ ਹਥਿਆਰ ਵਜੋਂ ਵਰਤਣ ਦੀਆਂ ਕੁਝ ਉਦਾਹਰਨਾਂ ਮੌਜੂਦਾ ਸਮੇਂ 'ਚ ਵੀ ਸਾਡੇ ਸਾਹਮਣੇ ਵੀ ਆ ਰਹੀਆਂ ਹਨ। ਰੂਸ-ਯੂਕਰੇਨ ਥਚ ਇਕ ਦਰਿਆ ਉੱਪਰ ਬਣਿਆ ਡੈਮ ਉਡਾ ਦਿੱਤਾ ਸੀ, ਜਿਸ ਕਾਰਨ ਉੱਥੇ ਹੜ੍ਹ ਵਰਗੇ ਹਾਲਾਤ ਬਣ ਗਏ ਸਨ। ਇਨ੍ਹਾਂ ਹਾਲਾਤਾਂ ਲਈ ਕੌਣ ਜ਼ਿੰਮੇਵਾਰ ਹੈ ? ਕਈ ਸਰਮਾਏਦਾਰਾ ਬੁੱਧੀਜੀਵੀ ਪਾਣੀ ਸੰਕਟ ਨੂੰ ਕੁਦਰਤੀ ਜਾਂ ਆਬਾਦੀ ਵਧਣ ਨਾਲ ਜੋੜ ਕੇ ਦੇਖਦੇ ਹਨ, ਜੋ ਬਿਲਕੁਲ ਤਰਕਹੀਣ ਅਤੇ ਗੈਰ-ਵਿਗਿਆਨਕ ਪਹੁੰਚ ਹੈ। ਵਰਤਮਾਨ ਜਲਵਾਯੂ ਸੰਕਟ ਵੀ ਇਸ ਕੁਦਰਤ ਦੋਖੀ ਮੁਨਾਫਾ ਆਧਾਰਿਤ ਪ੍ਰਬੰਧ ਦੀ ਹੀ ਦੇਣ ਹੈ। ਅੱਜ ਜਿਸ ਪਾਣੀ ਸੰਕਟ ਨਾਲ ਸੰਸਾਰ ਜੂਝ ਰਿਹਾ ਹੈ, ਉਹ ਕੁਦਰਤੀ ਨਹੀਂ, ਸਗੋਂ ਇਸ ਸਰਮਾਏਦਾਰੀ ਪ੍ਰਬੰਧ ਕਾਰਨ ਹੈ। ਸੰਕਟ ਪਾਣੀ ਦੀ ਘਾਟ ਦਾ ਨਹੀਂ, ਪ੍ਰਬੰਧਨ ਤੇ ਲੋਕਾਂ ਤੱਕ ਪਹੁੰਚਦਾ ਕਰਨ ਦਾ ਹੈ। ਪਾਣੀ ਸਰੋਤਾਂ ਦੀ ਬੇਸਮਝੀ ਨਾਲ ਵਰਤੋਂ, ਗੈਰ-ਵਿਗਿਆਨਕ ਪ੍ਰਬੰਧਨ ਅਤੇ ਪਾਣੀ ਦਾ ਨਿੱਜੀਕਰਨ ਪਾਣੀ ਸੰਕਟ ਦੇ ਪ੍ਰਮੁੱਖ ਕਾਰਨ ਹਨ।

ਇਸ ਸਮੇਂ ਅਫਰੀਕਾ ਮਹਾਂਦੀਪ ਵਿਚ ਪਾਣੀ ਦਾ ਸੰਕਟ ਸਭ ਤੋਂ ਡੂੰਘਾ ਹੈ। ਦੱਖਣੀ ਅਫਰੀਕਾ ਸਾਲ 2015 ਤੋਂ ਪਾਣੀ ਸੰਕਟ ਨਾਲ ਜੂਝ ਰਿਹਾ ਹੈ। ਦੱਖਣੀ ਅਫਰੀਕਾ ਦੀ ਲਗਭਗ 19 ਫੀਸਦੀ ਪੇਂਡੂ ਆਬਾਦੀ ਤੱਕ ਪਾਣੀ ਦੀ ਭਰੋਸੇਯੋਗ ਉਪਲੱਬਧਤਾ ਨਹੀਂ ਹੈ, 33 ਫੀਸਦੀ ਲੋਕਾਂ ਕੋਲ ਬੁਨਿਆਦੀ ਜ਼ਰੂਰਤਾਂ ਲਈ ਸਾਫ ਪਾਣੀ ਨਹੀਂ ਹੈ। ਦੇਸ਼ ਦੇ ਵੱਡੇ ਸ਼ਹਿਰਾਂ 'ਚ ਹਫਤੇ 'ਚ ਘੱਟੋ-ਘੱਟ ਇਕ ਦਿਨ ਪਾਣੀ ਬੰਦ ਰਹਿੰਦਾ ਹੈ। ਅਮੀਰ ਲੋਕ ਤਾਂ ਮਹਿੰਗੇ ਬੋਰ ਕਰਵਾ ਕੇ ਧਰਤੀ ਹੇਠਲੇ ਪਾਣੀ ਨਾਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਲੈਂਦੇ ਹਨ ਪਰ ਗਰੀਬ ਆਬਾਦੀ ਕੋਲ ਇਹ ਸਹੂਲਤ ਨਹੀਂ ਹੈ। ਇਕ ਰਿਪੋਰਟ ਮੁਤਾਬਿਕ ਦੱਖਣੀ ਅਫਰੀਕਾ ਦੇ ਕੇਪ ਟਾਊਨ 'ਚ 14 ਫੀਸਦੀ ਲੋਕ ਸ਼ਹਿਰ ਦਾ ਅੱਧੇ ਤੋਂ ਵੱਧ ਸਾਫ ਪਾਣੀ ਵਰਤਦੇ ਹਨ। ਬਿਨਾਂ ਸ਼ੱਕ ਦੱਖਣੀ ਅਫਰੀਕਾ 'ਚ ਪਿਛਲੇ ਕਾਫੀ ਸਮੇਂ ਤੋਂ ਕਾਫੀ ਘੱਟ ਵਰਖਾ ਹੋਈ ਹੈ ਪਰ ਪਾਣੀ ਦੀ ਘਾਟ ਦਾ ਵੱਡਾ ਕਾਰਨ ਇਸ ਦੇਸ਼ ਦਾ ਘਟੀਆ ਬੁਨਿਆਦੀ ਢਾਂਚਾ ਹੈ, ਜਿਸ ਕਾਰਨ 40 ਫੀਸਦੀ ਪਾਣੀ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਪਾਇਪ ਲੀਕ ਹੋਣ ਕਾਰਨ ਬਰਬਾਦ ਹੋ ਜਾਂਦਾ ਹੈ। ਇਸ ਨੂੰ ਸੌਖਿਆਂ ਹੀ ਦਰੁਸਤ ਕੀਤਾ ਜਾ ਸਕਦਾ ਹੈ ਪਰ ਫਿਲਹਾਲ ਇਹ ਸਰਕਾਰ ਦੀਆਂ 'ਤਰਜੀਹਾਂ' 'ਚ ਸ਼ਾਮਲ ਨਹੀਂ ਹੈ।

ਅਫਰੀਕਾ ਦੇ ਹੀ ਇਕ ਹੋਰ ਦੇਸ਼ ਨਾਈਜੀਰੀਆ 'ਚ ਵੀ ਹਾਲਤਾਂ ਕੁਝ ਜ਼ਿਆਦਾ ਚੰਗੀਆਂ ਨਹੀਂ ਹਨ। ਇਸ ਦੇਸ਼ 'ਚ ਹਾਲਾਤ ਇੰਨੇ ਬੁਰੇ ਹਨ ਕਿ ਲੋਕਾਂ ਲਈ ਇਕ ਤਾਂ ਪਾਣੀ ਉਪਲੱਬਧ ਨਹੀਂ ਹੈ ਅਤੇ ਜੋ ਹੈ ਵੀ, ਉਹ ਲੋਕਾਂ ਲਈ ਬਿਮਾਰੀਆਂ ਲੈ ਕੇ ਆਉਂਦਾ ਹੈ। ਲੋਕ ਹੈਜ਼ੇ ਵਰਗੀਆਂ ਬਿਮਾਰੀਆਂ ਨਾਲ ਮਰ ਰਹੇ ਹਨ। ਨਾਈਜੀਰੀਆ 'ਚ 6 ਕਰੋੜ ਲੋਕਾਂ ਦੀ ਪੀਣ ਵਾਲੇ ਸਾਫ ਪਾਣੀ ਤੱਕ ਪਹੁੰਚ ਨਹੀਂ ਹੈ। ਦੇਸ਼ 'ਚ ਪਾਣੀ ਇਕੱਠਾ ਕਰਨ ਵਾਲੇ ਬੁਨਿਆਦੀ ਢਾਂਚੇ ਉੱਪਰ ਸਰਕਾਰ ਨਾਮਾਤਰ ਖਰਚ ਕਰਦੀ ਹੈ। ਇਸ ਦੀ ਥਾਂ 'ਤੇ ਸਰਕਾਰ ਨੇ ਕਈ ਵਾਰ ਪਾਣੀ ਦੇ ਬੁਨਿਆਦੀ ਢਾਂਚੇ ਦਾ ਨਿੱਜੀਕਰਨ ਕਰਨ ਦੀ ਵੀ ਕੋਸ਼ਿਸ਼ ਕੀਤੀ, ਜਿਸ ਨੂੰ ਲੋਕਾਂ ਨੇ ਸਫਲ ਨਹੀਂ ਹੋਣ ਦਿੱਤਾ। ਪਾਣੀ ਦੇ ਇਕ ਥੈਲੇ ਦੀ ਕੀਮਤ 250 ਨਾਈਜੀਰੀਆਈ ਨਾਇਰ ਹੈ। ਲੋਕਾਂ ਦੇ ਘਰੇਲੂ ਖਰਚ ਦਾ ਵੱਡਾ ਹਿੱਸਾ ਪਾਣੀ ਉੱਪਰ ਹੋਣ ਵਾਲੇ ਖਰਚੇ ਹਨ। ਪਾਣੀ ਦੀ ਸਖਤ ਘਾਟ ਦੇ ਬਾਵਜੂਦ ਸਰਕਾਰ ਕੋਕਾ ਕੋਲਾ ਵਰਗੀਆਂ ਕੰਪਨੀਆਂ ਵਲੋਂ ਧਰਤੀ 'ਚੋਂ ਬੇਤਹਾਸ਼ਾ ਪਾਣੀ ਕੱਢੇ ਜਾਣ ਉੱਪਰ ਕੋਈ ਰੋਕ ਨਹੀਂ ਲਾਉਂਦੀ, ਸਗੋਂ ਜਨਤਕ-ਨਿੱਜੀ ਹਿੱਸੇਦਾਰੀ ਦੇ ਨਾਂਅ 'ਤੇ ਪਾਣੀ ਦੇ ਸਰੋਤਾਂ ਦਾ ਨਿੱਜੀਕਰਨ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ।

ਮੌਜੂਦਾ ਸਮੇਂ 'ਚ ਪਾਣੀ ਦੀ ਘਾਟ ਵੱਖ-ਵੱਖ ਦੇਸ਼ਾਂ ਵਿਚਕਾਰ ਝਗੜਿਆਂ ਦਾ ਕਾਰਨ ਵੀ ਬਣਦੀ ਜਾ ਰਹੀ ਹੈ। ਅਮਰੀਕਾ ਅਤੇ ਮੈਕਸੀਕੋ ਦਰਮਿਆਨ ਰੀਓ ਨਦੀ ਨੂੰ ਲੈ ਕੇ ਸਾਲ 2020 'ਚ ਵੱਡਾ ਮਸਲਾ ਖੜ੍ਹਾ ਹੋ ਗਿਆ ਸੀ, ਜਦੋਂ ਮੈਕਸੀਕੋ ਦੇ ਕਿਸਾਨਾਂ ਨੇ ਅਮਰੀਕਾ ਨਾਲ 1944 'ਚ ਹੋਏ ਸਮਝੌਤੇ ਤਹਿਤ ਜਾਣ ਵਾਲੇ ਪਾਣੀ ਨੂੰ ਰੋਕਣ ਲਈ ਨਦੀ ਦੇ ਡੈਮ ਉੱਪਰ ਕਬਜ਼ਾ ਕਰ ਲਿਆ ਸੀ। ਇਰਾਕ ਅਤੇ ਈਰਾਨ 'ਚ ਟਿੰਗਰਿਸ ਦਰਿਆ ਦੇ ਪਾਣੀ ਦੀ ਵਰਤੋਂ ਨੂੰ ਲੈ ਕੇ ਕਾਫੀ ਤਿੱਖੇ ਵਿਵਾਦ ਹਨ। ਆਉਣ ਵਾਲੇ ਸਮੇਂ 'ਚ ਇਸ ਵਿਵਾਦ ਕਾਰਨ ਦੋਵਾਂ ਦੇਸ਼ਾਂ ਦਰਮਿਆਨ ਝੜਪਾਂ ਵੀ ਹੋ ਸਕਦੀਆਂ ਹਨ। ਅਫਰੀਕਾ ਅਤੇ ਸੰਸਾਰ ਦੇ ਸਭ ਤੋਂ ਲੰਬੇ ਦਰਿਆ, ਨਾਇਲ (ਨੀਲ) ਉੱਪਰ ਇਥੋਪੀਆ ਵਲੋਂ ਬਣਾਏ ਜਾ ਰਹੇ ਇਕ ਪ੍ਰਜੈਕਟ ਕਾਰਨ ਇਥੋਪੀਆ, ਮਿਸਰ ਅਤੇ ਸੂਡਾਨ ਦੇ ਰਿਸ਼ਤੇ ਕਾਫੀ ਖਰਾਬ ਹੋ ਗਏ ਹਨ। ਇਥੋਪੀਆ ਨਾਇਲ ਦਰਿਆ ਉੱਪਰ ਇਕ ਡੈਮ ਬਣਾ ਰਿਹਾ ਹੈ, ਜਿਸ ਕਾਰਨ ਮਿਸਰ ਅਤੇ ਸੂਡਾਨ 'ਚ ਪਾਣੀ ਦੇ ਕੁਦਰਤੀ ਵਹਾਅ 'ਚ ਰੁਕਾਵਟ ਆ ਸਕਦੀ ਹੈ। ਇਸ ਦੇ ਕਾਰਨ ਸੂਡਾਨ 'ਚ ਹਿੰਸਕ ਵਿਰੋਧ- ਪ੍ਰਦਰਸ਼ਨ ਵੀ ਹੋ ਚੁੱਕੇ ਹਨ।

ਪਾਣੀ ਸਰੋਤਾਂ ਉੱਪਰ ਵਧ ਰਹੇ ਦਬਾਅ ਦਾ ਵੱਡਾ ਕਾਰਨ ਵੱਡੀਆਂ ਨਿੱਜੀ ਕੰਪਨੀਆਂ ਵਲੋਂ ਧਰਤੀ ਹੇਠਲੇ ਪਾਣੀ ਦੀ ਅੰਨ੍ਹੀ ਲੁੱਟ ਵੀ ਹੈ। ਅਮਰੀਕਾ ਦੇ ਕੈਲੀਫੋਰਨੀਆ 'ਚ 2 ਕਰੋੜ 30 ਲੱਖ ਗੈਲਨ ਪਾਣੀ ਕੱਢਣ ਦੀ ਇਜਾਜ਼ਤ ਹੋਣ ਦੇ ਬਾਵਜੂਦ ਇਸ ਨੇ 6 ਕਰੋੜ ਗੈਲਨ ਪਾਣੀ ਧਰਤੀ ਹੇਠੋਂ ਕੱਢਿਆ। ਜ਼ਿਕਰਯੋਗ ਹੈ ਕਿ ਇਸੇ ਕੰਪਨੀ ਦੇ ਮਾਲਕ ਨੇ 2005 'ਚ ਇਹ ਬਿਆਨ ਦਿੱਤਾ ਸੀ ਕਿ ਪਾਣੀ ਨੂੰ ਮਨੁੱਖੀ ਹੱਕ ਗਰਦਾਨਿਆ ਜਾਣਾ ਗਲਤ ਹੈ। ਇਕ ਹੋਰ ਕੰਪਨੀ ਕੋਕਾ ਕੋਲਾ ਵੱਖ-ਵੱਖ ਦੇਸ਼ਾਂ 'ਚ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਅਤੇ ਲੁੱਟਣ ਲਈ ਬਦਨਾਮ ਹੈ। ਇਕ ਲੀਟਰ ਕੋਕਾ ਕੋਲਾ ਬਣਾਉਣ ਲਈ 3 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਇਹ ਪਾਣੀ ਜ਼ਮੀਨ ਹੇਠੋਂ ਕੱਢਿਆ ਜਾਂਦਾ ਹੈ। ਭਾਰਤ ਦੇ ਰਾਜਸਥਾਨ ਸੂਬੇ ਦੇ ਕਾਲਾਡੇਰਾ 'ਚ 1999 'ਚ ਕੋਕਾ ਕੋਲਾ ਵਲੋਂ ਕਾਰਖਾਨਾ



ਲਗਾਉਣ ਤੋਂ ਬਾਅਦ ਧਰਤੀ ਹੇਠਲੇ ਪਾਣੀ ਦਾ ਪੱਧਰ 10 ਮੀਟਰ ਤੋਂ ਵੱਧ ਹੇਠਾ ਚਲਿਆ ਗਿਆ, ਜਿਸ ਦਾ ਪੂਰੇ ਇਲਾਕੇ ਦੀ ਖੇਤੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪਿਆ। ਦੱਖਣੀ ਅਮਰੀਕਾ ਦੇ ਐੱਲ ਸੈਲਵਾਡੋਰ, ਮੈਕਸੀਕੋ ਵਰਗੇ ਦੇਸ਼ਾਂ 'ਚ ਕੋਕਾ ਕੋਲਾ ਲਗਾਤਾਰ ਪਾਣੀ ਦੇ ਸਰੋਤ ਲੁੱਟਣ ਲਈ ਇਸ ਦੇ ਨਿੱਜੀਕਰਨ ਦੀ ਵਕਾਲਤ ਕਰ ਰਹੀ ਹੈ।

ਜਿਵੇਂ ਅਸੀਂ ਉਪਰੋਕਤ ਉਦਾਹਰਨਾਂ 'ਚ ਦੇਖਿਆ, ਪਾਣੀ ਦੇ ਸੰਕਟ ਦੀ ਸਮੱਸਿਆ ਬਹੁਤ ਹੀ ਸੌਖ ਨਾਲ ਹੱਲ ਕੀਤੀ ਜਾ ਸਕਦੀ ਹੈ। ਇਸ ਦੇ ਲਈ ਫੌਰੀ ਤੌਰ 'ਤੇ ਪਾਣੀ ਦੀ ਵੰਡ, ਸਾਂਭ-ਸੰਭਾਲ ਅਤੇ ਨਿਕਾਸੀ ਦੇ ਬੁਨਿਆਦੀ ਢਾਂਚੇ ਦੀ ਵਿਗਿਆਨਕ, ਯੋਜਨਾਬੱਧ ਢੰਗ ਨਾਲ ਉਸਾਰੀ ਕੀਤੇ ਜਾਣ ਦੀ ਲੋੜ ਹੈ। ਬਹੁਤੇ ਦੇਸ਼ਾਂ 'ਚ ਮੀਂਹ ਦਾ ਜ਼ਿਆਦਾਤਰ ਪਾਣੀ ਬਰਬਾਦ ਹੋ ਜਾਂਦਾ ਹੈ। ਜੇਕਰ ਇਸ ਨੂੰ ਜਮ੍ਹਾਂ ਕਰਨ ਅਤੇ ਇਸ ਦੀ ਨਿਕਾਸੀ ਦੇ ਢੁੱਕਵੇਂ ਪ੍ਰਬੰਧ ਕਰ ਲਏ ਜਾਣ ਤਾਂ ਹੜ੍ਹ ਅਤੇ ਸੋਕੇ ਦੋਹਾਂ ਆਫਤਾਂ ਨਾਲ ਨਿਪਟਿਆ ਜਾ ਸਕਦਾ ਹੈ। ਪਰ ਜ਼ਿਆਦਾਤਰ ਸਰਕਾਰਾਂ ਇਹ ਪ੍ਰਬੰਧ ਕਰਨ ਲਈ ਤਿਆਰ ਨਹੀਂ ਹਨ, ਕਿਉਂਕਿ ਨਵ-ਉਦਾਰਵਾਦੀ ਨੀਤੀਆਂ ਤਹਿਤ ਪੂਰੇ ਸੰਸਾਰ 'ਚ ਸਰਕਾਰਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੀਆਂ ਹਨ। ਪਾਣੀ ਦਾ ਨਿੱਜੀਕਰਨ ਵੀ ਇਸੇ ਨਾਲ ਹੀ ਜੁੜਿਆ ਹੋਇਆ ਹੈ। ਇਕ ਪਾਸੇ ਜਿੱਥੇ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਭੱਜਦੀਆਂ ਹਨ, ਉੱਥੇ ਹੀ ਨਿੱਜੀ ਕੰਪਨੀਆਂ ਪਾਣੀ ਵਰਗੀ ਬੁਨਿਆਦੀ ਮਨੁੱਖੀ ਲੋੜ ਨੂੰ ਜਿਣਸ ਬਣਾ ਕੇ ਇਸ ਦਾ ਵਪਾਰ ਕਰ ਰਹੀਆਂ ਹਨ। ਪਾਣੀ ਦਾ ਨਿੱਜੀਕਰਨ ਅਤੇ ਜਿਣਸੀਕਰਨ ਰੋਕੇ ਜਾਣ ਦੀ ਲੋੜ ਹੈ। ਪਾਣੀ ਇਕ ਕੁਦਰਤੀ ਸਾਧਨ ਹੈ ਅਤੇ ਇਸ ਦੀ ਵਪਾਰਕ ਪੂਰੀ ਤਰ੍ਹਾਂ ਨਾਲ ਗੈਰ-ਵਾਜਬ ਹੈ। ਜਿੱਥੋਂ ਤੱਕ ਵੱਖ-ਵੱਖ ਦੇਸ਼ਾਂ ਦਰਮਿਆਨ ਪਾਣੀ ਅਤੇ ਦਰਿਆਵਾਂ ਨਾਲ ਸੰਬੰਧਿਤ ਝਗੜਿਆਂ ਦੀ ਗੱਲ ਹੈ ਤਾਂ ਇਨ੍ਹਾਂ ਦਾ ਨਿਪਟਾਰਾ ਜਮਹੂਰੀ ਤਰੀਕ ਨਾਲ, ਰਿਪੇਰੀਅਨ ਕਾਨੂੰਨਾਂ ਤਹਿਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਵੱਖ-ਵੱਖ ਉਦਾਹਰਨਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਾਣੀ ਸੰਕਟ ਕੁਦਰਤੀ ਨਹੀਂ, ਸਗੋਂ ਇਸ ਪ੍ਰਬੰਧ 'ਚ ਹੋ ਰਹੀ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਦਾ ਨਤੀਜਾ ਹੈ। ਸਰਮਾਏਦਾਰੀ ਪ੍ਰਬੰਧ ਵਿਚ ਪੈਦਾਵਾਰ ਮੁਨਾਫੇ ਲਈ ਹੁੰਦੀ ਹੈ ਨਾ ਕਿ ਸਮਾਜਿਕ ਲੋੜਾਂ ਦੀ ਪੂਰਤੀ ਲਈ। ਇਸ ਪ੍ਰਬੰਧ 'ਚ ਕੁਦਰਤੀ ਸਾਧਨਾਂ ਦੀ ਵਰਤੋਂ ਯੋਜਨਾਬੱਧ ਤਰੀਕੇ ਨਾਲ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਕੀਤੀ ਜਾ ਸਕਦੀ ਹੈ। ਪੈਦਾਵਾਰ ਵੱਖੋ-ਵੱਖ ਸਰਮਾਏਦਾਰਾਂ 'ਚ ਵੰਡੀ ਜਾਂਦੀ ਹੈ, ਜਿਨ੍ਹਾਂ ਨੂੰ ਸਿਰਫ ਆਪੋ-ਆਪਣੇ ਮੁਨਾਫੇ ਪਿਆਰੇ ਹੁੰਦੇ ਹਨ ਅਤੇ ਕਿਸੇ ਨੂੰ ਕੁਦਰਤ ਜਾਂ ਮਨੁੱਖੀ ਲੋੜਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਕਿਸੇ ਇਕ ਦਾ ਨੁਕਸਾਨ ਦੂਜੇਦਾ ਫਾਇਦਾ ਹੁੰਦਾ ਹੈ। ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਸੁਚਾਰੂ ਵਰਤੋਂ ਇਕ ਅਜਿਹੇ ਸਮਾਜ 'ਚ ਹੀ ਸੰਭਵ ਹੈ, ਜਿੱਥੇ ਪੈਦਾਵਾਰ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ, ਯੋਜਨਾਬੱਧ ਢੰਗ ਨਾਲ ਹੋਵੇ। ਅਜਿਹੇ ਪ੍ਰਬੰਧ 'ਚ ਹੀ ਕੁਦਰਤ ਅਤੇ ਮਨੁੱਖ ਦਾ ਆਪਸੀ ਸਿਹਤਮੰਦ ਰਿਸ਼ਤਾ ਸਥਾਪਤ ਹੋ ਸਕਦਾ ਹੈ।

---

ਬਾਕੀ ਸਫਾ 14 ਦੀ

ਕਿਸਾਨ ਤਾਂ ਹਮੇਸ਼ਾਂ ਨਵੇਂ ਬੀਜਾਂ ਲਈ ਤਾਂਘਦਾ ਰਹਿੰਦਾ ਹੈ। ਇੰਝ ਜਿਹੜਾ ਪੈਸਾ ਪੰਜਾਬ ਦੇ ਹਿੱਸੇ ਆਉਂਦਾ ਹੈ ਉਸ ਦੀ ਕੋਈ ਸਾਰਥਿਕ ਵਰਤੋਂ ਨਹੀਂ ਕੀਤੀ ਜਾਂਦੀ। ਪਹਿਲਾਂ ਤਾਂ ਰਾਜ ਸਰਕਾਰ ਉਹ ਪੈਸਾ ਲੈਣ ਤੋਂ ਝਿਜਕਦੀ ਹੈ ਕਿਉਂਕਿ ਇਸ ਫੰਡ ਦੀ ਪ੍ਰਾਪਤੀ ਲਈ ਰਾਜ ਸਰਕਾਰ ਨੂੰ ਵੀ ਹਿੱਸਾ ਦੇਣਾ ਪੈਂਦਾ ਹੈ। ਜੇਕਰ ਪੈਸਾ ਲੈ ਵੀ ਲਿਆ ਜਾਵੇ ਤਾਂ ਹੋਰ ਦੂਜੇ ਕੰਮਾਂ ਉੱਤੇ ਖਰਚ ਹੋ ਜਾਂਦਾ ਹੈ। ਪੰਜਾਬ ਵਿਚ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਫਸਲਾਂ ਦੀ ਰਹਿੰਦ ਦੀ ਸਾਂਭ ਅਤੇ ਧਰਤੀ ਹੇਠ ਘੱਟ ਰਹੇ ਪਾਣੀ ਦੀ ਭਰਪਾਈ ਕਰਨ ਦੀ ਹੈ। ਫਸਲਾਂ ਦੀ ਰਹਿੰਦ ਦੀ ਸਮੱਸਿਆ ਵੀ ਮਸ਼ੀਨਾਂ ਕਾਰਨ ਹੀ ਹੋਈ ਹੈ। ਜਦੋਂ ਵਾਢੀ ਹੱਥੀਂ ਕੀਤੀ ਜਾਂਦੀ ਸੀ ਉਦੋਂ ਨਾੜ ਦੀ ਕੋਈ ਸਮੱਸਿਆ ਨਹੀਂ ਸੀ। ਇਸ ਦੀ ਵਰਤੋਂ ਡੰਗਰਾਂ ਲਈ ਚਾਰੇ ਵਾਸਤੇ ਕੀਤੀ ਜਾਂਦੀ ਸੀ। ਹੁਣ ਡੰਗਰ ਰਹੇ ਨਹੀਂ ਤੇ ਮਸ਼ੀਨਾਂ ਵਾਢੀ ਧਰਤੀ ਤੋਂ ਉੱਚੀ ਕਰਦੀਆਂ ਹਨ। ਪਰਾਲੀ ਦਾ ਸੌਖਾ ਹੱਲ ਇਸ ਨੂੰ ਖੇਤ ਵਿਚ ਅੱਗ ਲਗਾਉਣਾ ਹੈ। ਕਣਕ ਦੀ ਤੂੜੀ ਦੀ ਇਸ ਵਾਰ ਮੰਗ ਘੱਟ ਗਈ ਕਿਸਾਨਾਂ ਨੇ ਕਣਕ ਦੇ ਨਾੜ ਨੂੰ ਵੀ ਅੱਗ ਲਗਾਈ ਆਲੂਆਂ ਪਿੱਛੋਂ ਬਸੰਤ ਰੁੱਤੀ ਮੱਕੀ ਦੀ ਕਾਸ਼ਤ ਦਾ ਰੁਝਾਨ ਵੱਧ ਰਿਹਾ ਹੈ। ਇਹ ਜਿੱਥੇ ਝੋਨੇ ਨਾਲੋਂ ਵੀ ਵੱਧ ਪਾਣੀ ਲੈਂਦੀ ਹੈ। ਉੱਥੇ ਟਾਂਡਿਆਂ ਦੀ ਸੰਭਾਲ ਵੀ ਔਖ ਲਗਾ ਹੋਣ ਲਗ ਪਈ ਹੈ ਕਿਉਂਕਿ ਮਸ਼ੀਨਾਂ ਨਾਲ ਵਾਢੀ ਸਮੇਂ ਇਹ ਖੇਤ ਵਿੱਚ ਖੜੇ ਰਹਿ ਜਾਂਦੇ ਹਨ। ਫਸਲਾਂ ਦੀ ਰਹਿੰਦ ਦੀ ਸਾਂਭ-ਸੰਭਾਲ ਜਾਂ ਇਸ ਦੀ ਸਨਅੱਤੀ ਵਰਤੋਂ ਲਈ ਖੋਜ ਦੀ ਲੋੜ ਹੈ। ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਧਰਤੀ ਹੇਠਲੇ ਪਾਣੀ ਵਿਚ ਕਿਵੇਂ ਵਾਧਾ ਹੋ ਸਕਦਾ ਹੈ ਇਸ ਬਾਰੇ ਵੀ ਕੋਈ ਚਰਚਾ ਨਹੀਂ ਹੈ। ਜੇਕਰ ਪੰਜਾਬ ਵਿੱਚੋਂ ਪਾਣੀ ਮੁੱਕ ਗਿਆ ਤਾਂ ਦੇਸ਼ ਨੂੰ ਅੰਨ ਸੰਕਟ ਦਾ ਸਾਹਮਣਾ ਕਰਨਾ ਪੈ ਜਾਵੇਗਾ। ਰੁਜ਼ਗਾਰ ਦੇ ਵਸੀਲਿਆਂ ਵਿਚ ਵਾਧੇ ਲਈ ਖੇਤੀ ਅਧਾਰਿਤ ਛੋਟੀਆਂ ਸਨਅੱਤਾਂ ਨੂੰ ਪਿੰਡਾਂ ਲਾਗੇ ਸਥਾਪਿਤ ਕਰਨ ਬਾਰੇ ਵੀ ਕੁਝ ਨਹੀਂ ਆਖਿਆ ਗਿਆ। ਪਿੰਡਾਂ ਵਿੱਚੋਂ ਬੇਰੁਜ਼ਗਾਰੀ ਦੂਰ ਕਰਨ ਦਾ ਇਹ ਸਭ ਤੋਂ ਵਧੀਆ ਵਸੀਲਾ ਹੈ। ਖੇਤੀ ਆਧਾਰਿਤ ਸਨਅੱਤਾਂ ਲਈ ਕਾਮੇ ਤਿਆਰ ਕਰਨ ਲਈ ਪਿੰਡਾਂ ਲਾਗੇ ਹੀ ਨਵੇਂ ਸਿਖਲਾਈ ਕੇਂਦਰ ਖੋਲ੍ਹਣ ਦੀ ਲੋੜ ਹੈ ਜਿੱਥੇ ਵਧੇਰੇ ਜ਼ੋਰ ਅਸਲੀ ਸਿਖਲਾਈ ਉੱਤੇ ਹੋਵੇ। ਅਸਲ ਵਿਚ ਪੰਜਾਬ ਸਰਕਾਰ ਵੱਲੋਂ ਆਪਣੇ ਸੰਬੰਧਿਤ ਅਦਾਰਿਆਂ ਕੋਲੋਂ ਅਜਿਹੇ ਕਾਰਜਾਂ ਅਧਾਰਿਤ ਸਕੀਮਾਂ ਬਣਾ ਕੇ ਕੇਂਦਰ ਨੂੰ ਵਿੱਤੀ ਸਹਾਇਤਾ ਲਈ ਭੇਜਣੀਆਂ ਚਾਹੀਦੀਆਂ ਹਨ। ਸੂਬੇ ਦੇ ਮਾਹਿਰਾਂ ਵੱਲੋਂ ਆਪ ਜਾ ਕੇ ਨੀਤੀ ਆਯੋਗ ਦੇ ਮਾਹਿਰਾਂ ਨੂੰ ਇਨ੍ਹਾਂ ਦੀ ਮੰਜ਼ੂਰੀ ਦੇਣ ਤੋਂ ਨਾਂਹ ਕਰਨੀ ਮੁਸ਼ਕਿਲ ਹੋ ਜਾਵੇਗੀ, ਪਰ ਸਾਡੇ ਲੀਡਰਾਂ ਦਾ ਤਾਂ ਬਹੁਤ ਧਿਆਨ ਨਿੱਤ ਹੋਣ ਵਾਲੀਆਂ ਚੋਣਾਂ ਵੱਲ ਹੀ ਲੱਗ ਰਿਹਾ ਹੈ। ਲੋਕ ਸਭਾ ਦੀਆਂ ਚੋਣਾਂ ਪਿੱਛੋਂ ਜਿਮਨੀ ਚੋਣ, ਮੁੜ ਪੰਚਾਇਤ ਚੋਣਾਂ ਤੇ ਸ਼ਹਿਰੀ ਕਮੇਟੀਆਂ ਦੀਆਂ ਚੋਣਾਂ। ਇਹਨਾਂ ਚੱਕਰਾਂ ਵਿਚ ਹੀ ਪੰਜ ਸਾਲ ਪੂਰੇ ਹੋ ਜਾਂਦੇ ਹਨ। ਸੂਬੇ ਦੇ ਬਹੁਪੱਖੀ ਵਿਕਾਸ ਨਹੀ ਯੋਜਨਾ ਉਲੀਕਣ, ਵਸੀਲਿਆਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੀ ਵਰਤੋਂ ਦਾ ਸਮਾਂ ਹੀ ਨਹੀਂ ਮਿਲਦਾ। ਜੇਕਰ ਕੋਈ ਗ੍ਰਾਂਟ ਆ ਵੀ ਜਾਵੇ ਤਾਂ ਉਸ ਦਾ ਬਹੁਤਾ ਹਿੱਸਾ ਹੋਰ ਕੰਮਾਂ ਵਿਚ ਹੀ ਖੁਰਦ-ਬੁਰਦ ਹੋ ਜਾਂਦਾ ਹੈ। ਪੰਜਾਬ ਸਰਕਾਰ ਨੂੰ ਖੇਤੀ ਵਿਕਾਸ ਦੀ ਵਧੀਆ ਸਕੀਮ ਬਣਾ ਕੇ ਕੇਂਦਰ ਤੋਂ ਮੰਜ਼ੂਰ ਕਰਵਾਇਆ ਹੀ ਪੰਜਾਬ ਦੀ ਖੇਤੀ ਅਤੇ ਕਿਸਾਨ ਦੀ ਹਾਲਤ ਵਿਚ ਸੁਧਾਰ ਹੋ ਸਕਦਾ ਹੈ।

RNI Regd. No. PUNPUN00806

# ਝੋਨੇ ਦੇ ਬੂਟਿਆਂ ਦੇ ਮਧਰੇਪਣ ਤੋਂ ਸੁਚੇਤ ਰਹਿਣ ਦੀ ਲੋੜ

## ਕਿਸਾਨ ਬੂਟਿਆਂ ਦੇ ਮਧਰੇਪਣ ਹੋਣ 'ਤੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਨ - - ਡਾ. ਗੁਰਉਪਦੇਸ਼ ਕੌਰ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਝੋਨੇ ਵਿੱਚੋਂ ਕੁਝ ਮਧਰੇ ਬੂਟਿਆਂ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਬੂਟਿਆਂ ਦੇ ਮਧਰੇਪਣ ਦੇ ਕਈ ਕਾਰਣ ਹੋ ਸਕਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਇਸ ਦੀ ਛਾਣਬੀਣ ਕਰ ਰਹੇ ਹਨ। ਇਸ ਦੌਰਾਨ ਕਈ ਥਾਂਵਾਂ 'ਤੇ ਜ਼ਿੰਕ ਦੀ ਘਾਟ ਦੇਖਣ ਨੂੰ ਮਿਲੀ ਹੈ ਜੋ ਕਿ ਮਧਰੇਪਣ ਦਾ ਇਕ ਕਾਰਨ ਹੋ ਸਕਦਾ ਹੈ ਅਤੇ ਇਸ ਦਾ ਹੱਲ ਜ਼ਿੰਕ ਦੀ ਪੂਰਤੀ ਨਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦੇ ਇੱਕ ਨਵੇਂ ਵਿਸ਼ਾਣੂ ਰੋਗ ਕਰਕੇ ਵੀ ਹੋ ਸਕਦਾ ਹੈ, ਜੋ ਭਾਰਤ ਵਿੱਚ ਪਹਿਲੀ ਵਾਰ 2022 ਵਿੱਚ ਵੇਖਿਆ ਗਿਆ ਸੀ। ਇਹ ਵਿਸ਼ਾਣੂ ਰੋਗ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ ਅਤੇ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਉਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ-ਤਿਹਾਈ ਰਹਿ ਜਾਂਦੀ ਹੈ। ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ।

ਇਸ ਸਾਲ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਜਿਵੇਂ ਕਿ ਰੋਪੜ, ਮੋਹਾਲੀ, ਪਟਿਆਲ਼ਾ, ਫ਼ਤਿਹਗੜ੍ਹ ਸਾਹਿਬ ਦੇ ਨਾਲ਼ ਲਗਦੇ ਇਲਾਕਿਆਂ ਵਿੱਚੋਂ ਝੋਨੇ ਦੇ ਕਈ ਸੈਂਪਲਾਂ ਵਿੱਚੋਂ ਕੁਝ ਕੁ ਵਿੱਚ ਇਹ ਰੋਗ ਵਾਲ਼ਾ ਵਾਇਰਸ ਪਾਇਆ ਗਿਆ ਹੈ। ਡਾ. ਪੀ. ਐਸ. ਸੰਧੂ, ਮੁਖੀ, ਪੌਦਾ ਰੋਗ ਵਿਭਾਗ ਨੇ ਦੱਸਿਆ ਕਿ ਅਜੇ ਤੱਕ ਇਹ ਰੋਗ ਸਿਰਫ਼ ਕੁਝ ਕੁ ਖੇਤਾਂ ਵਿੱਚ ਹੀ ਵੇਖਿਆ ਗਿਆ ਹੈ। ਇਹ ਰੋਗ ਰੋਗੀ ਬੂਟਿਆਂ ਤੋਂ ਤੰਦਰੁਸਤ ਬੂਟਿਆਂ ਉਪਰ ਚਿੱਟੀ ਪਿੱਠ ਵਾਲ਼ੇ ਟਿੱਡੇ ਰਾਹੀਂ ਫੈਲਦਾ ਹੈ। ਇਸ ਕੀੜੇ ਦੀ ਖੇਤ ਵਿੱਚ ਮੌਜੂਦਗੀ ਬਾਰੇ ਸੁਚੇਤ ਰਹਿਣ ਦੀ ਲੋੜ ਹੈ ਤਾਂ ਕਿ ਇਹ ਬਿਮਾਰੀ ਨੂੰ ਅੱਗੇ ਨਾ ਫੈਲਾਅ ਸਕੇ।

ਡਾ. ਕੇ. ਐਸ. ਸੂਰੀ, ਪ੍ਰਮੁੱਖ ਕੀਟ ਵਿਗਿਆਨੀ, ਪੀਏਯੂ ਨੇ ਜਾਣਕਾਰੀ ਦਿੱਤੀ ਕਿ ਖੇਤ ਵਿੱਚ ਇਸ ਰੋਗ ਨੂੰ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਸੁਚੱਜੀ ਰੋਕਥਾਮ ਲਈ ਝੋਨੇ ਦੀ ਫਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ। ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਖੇਤ ਨੇੜੇ ਬਲਬ ਜਗਾ ਕੇ ਰੱਖੋ। ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਕਿਸੇ ਵੀ ਕੀਟਨਾਸ਼ਕ ਜਿਵੇਂ ਕਿ 94 ਮਿ.ਲਿ. ਪੈਕਸਾਲੋਨ 10 ਐਸ ਸੀ ਜਾਂ 60 ਗ੍ਰਾਮ ਉਲਾਲਾ 50 ਡਬਲਿਊ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੇਂਟ 20 ਐਸ ਜੀ ਜਾਂ 120 ਗ੍ਰਾਮ ਚੈੱਸ 50 ਡਬਲਿਊ ਜੀ ਜਾਂ 400 ਮਿ.ਲਿ. ਆਰਕੈਸਟਰਾ 10 ਐਸ ਸੀ ਜਾਂ 300 ਮਿ.ਲਿ. ਇਮੇਜਿਨ 10 ਐਸ ਸੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ਼ 100 ਲੀਟਰ ਪਾਣੀ ਵਿੱਚ ਘੋਲ ਕੇ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ।ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜ਼ਲ ਦਾ ਇਸਤੇਮਾਲ ਕਰੋ। ਬਿਮਾਰੀ ਵਾਲ਼ੇ ਬੂਟਿਆਂ ਨੂੰ ਪੁੱਟ ਕੇ ਖੇਤ ਵਿੱਚ ਡੂੰਘਾ ਦੱਬ ਦੇਣਾ ਚਾਹੀਦਾ ਹੈ। ਕੀਟਨਾਸ਼ਕਾਂ ਦਾ ਸਪਰੇਅ ਸਿਰਫ਼ ਲੋੜ ਮੁਤਾਬਿਕ ਹੀ ਕਰਨਾ ਚਾਹੀਦਾ ਹੈ।

ਡਾ. ਗੁਰਉਪਦੇਸ਼ ਕੌਰ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਨੇ ਜਾਣਕਾਰੀ ਦਿੱਤੀ ਕਿ ਮਧਰੇਪਣ ਵਾਲ਼ੀ ਸੰਭਾਵਿਤ ਬਿਮਾਰੀ ਜੇਕਰ ਕਿਸਾਨਾਂ ਨੂੰ ਖੇਤ ਵਿਚ ਦਿਖਾਈ ਦਿੰਦੀ ਹੈ ਤਾਂ ਉਹ ਇਸ ਬਾਰੇ ਨਜ਼ਦੀਕੀ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਪੌਦਾ ਰੋਗ ਵਿਗਿਆਨੀ ਡਾ. ਹਰਦੀਪ ਸਿੰਘ ਸਭੀਖੀ ਨਾਲ ਰਾਬਤਾ ਕਾਇਮ ਕਰ ਸਕਦੇ ਹਨ।





# ਸੇਬਾਂ ਦੀ ਤੁੜਾਈ ਲਈ ਬਣਾਈ ਵਿਸ਼ੇਸ਼ ਮਸ਼ੀਨ

ਪੀ. ਏ. ਯੂ. 'ਚ ਜਾਰੀ ਪੰਜਾਬ ਐਗਰੀ ਬਿਜ਼ਨਸ ਇੰਕੁਬੇਟਰ (ਪਾਬੀ) ਤੋਂ ਸਿਖਲਾਈ ਹਾਸਲ ਕਰਨ ਵਾਲੇ ਕਾਰੋਬਾਰੀ ਉੱਦਮੀ ਐਗਰੋਟੈੱਕ ਪਲੈਨੇਟ ਨੇ ਵਿਸ਼ੇਸ਼ ਜੰਤਰ ਤਿਆਰ ਕੀਤਾ ਹੈ। ਐਪਲ ਕੈਚਰ ਨਾਂ ਦੀ ਇਹ ਮਸ਼ੀਨ ਸੇਬਾਂ ਦੀ ਤੁੜਾਈ ਨੂੰ ਮੱਦੇਨਜ਼ਰ ਰੱਖ ਕੇ ਡਿਜ਼ਾਈਨ ਅਤੇ ਵਿਕਸਿਤ ਕੀਤੀ ਗਈ ਹੈ। ਇਹ ਕਾਰੋਬਾਰ ਉੱਦਮੀ ਫਸਮ ਇਸ਼ਫਾਕ ਅਹਿਮਦ ਵਾਨੀ ਦੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ।

ਐਪਲ ਕੈਚਰ ਅਜਿਹੀ ਛੋਟੀ ਮਸ਼ੀਨ ਹੈ ਜੋ ਸੇਬਾਂ ਨੂੰ ਬੜੀ ਕੁਸ਼ਲਤਾ ਨਾਲ ਤੋੜਦੀ, ਸੰਭਾਲਦੀ ਅਤੇ ਇਕੱਠੇ ਕਰਦੀ ਹੈ। ਬਹੁਤ ਘੱਟ ਕੀਮਤ ਵਾਲੀ ਵਿਸ਼ੇਸ਼ ਤੌਰ 'ਤੇ ਬਣਾਈ ਗਈ ਇਸ ਮਸ਼ੀਨ ਨੂੰ ਰੁੱਖ ਦੇ ਦੁਆਲੇ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਇਹ ਜ਼ਿਆਦਾ ਸੰਘਣੇ, ਦਰਮਿਆਨੇ ਸੰਘਣੇ ਅਤੇ ਰਵਾਇਤੀ ਤੌਰ 'ਤੇ ਲਾਏ ਗਏ ਬਾਗਾਂ ਵਿਚ ਵੀ ਕਾਰਜ ਕਰ ਸਕਦੀ ਹੈ। ਇਸ ਨਾਲ ਮਜ਼ਦੂਰੀ ਦਾ ਖਰਚਾ ਅਤੇ ਸਮਾਂ ਦੋਨਾਂ ਦੀ ਬਚਤ ਹੁੰਦੀ ਹੈ ਅਤੇ ਇਸ ਨਾਲ 110 ਕਿਲੋ ਸੇਬ ਤੋੜ ਕੇ ਸੰਭਾਲੇ ਜਾ ਸਕਦੇ ਹਨ। ਸੇਬਾਂ ਦੇ ਕਿਸਾਨਾਂ ਲਈ ਇਹ ਮਸ਼ੀਨ ਬੜੀ ਲਾਹੇਵੰਦ ਹੈ।

ਪੀ. ਏ. ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਕਾਰੋਬਾਰੀ ਉੱਦਮੀ ਵੱਲੋਂ ਤਿਆਰ ਕੀਤੀ ਮਸ਼ੀਨ 'ਤੇ ਪ੍ਰਸੰਨਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਾਲ ਸਾਡੇ ਨਵੇਂ ਕਾਰੋਬਾਰੀਆਂ ਅਤੇ ਖੇਤੀ ਖੋਜੀਆਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਰੂਪੀ ਹੁਲਾਰਾ ਮਿਲੇਗਾ। ਇਹ ਮਸ਼ੀਨ ਸੇਬ ਦੀ ਕਾਸ਼ਤ ਅਤੇ ਉਦਯੋਗ ਵਿਚ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ ਜਿਸ ਨਾਲ ਸੇਬਾਂ ਦੀ ਤੁੜਾਈ ਸੌਖੀ ਅਤੇ ਘੱਟ ਖਰਚੀਲੀ ਹੋ ਜਾਵੇਗੀ। ਇਸ ਮਸ਼ੀਨ ਨੂੰ ਵਿਕਸਿਤ ਕਰਨ ਲਈ ਇਸ਼ਫਾਕ ਅਹਿਮਦ ਵਾਨੀ ਅਤੇ ਉਨ੍ਹਾਂ ਦੀ ਟੀਮ ਵਧਾਈ ਦੀ ਪਾਤਰ ਹੈ। ਪਾਬੀ ਦੇ ਮੁੱਖ ਨਿਗਰਾਨ ਅਤੇ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਇਸ ਪ੍ਰਾਪਤ ਲਈ ਐਗਰੋਟੈੱਕ ਪਲੈਨੇਟ ਨੂੰ ਵਧਾਈ ਦਿੰਦਿਆਂ ਇਸ ਮਸ਼ੀਨ ਨੂੰ ਸੇਬਾਂ ਦੀ ਕਾਸ਼ਤ ਦੇ ਖੇਤਰ ਵਿਚ ਕ੍ਰਾਂਤੀਕਾਰੀ ਕਦਮ ਕਿਹਾ। ਡਾ. ਰਿਆੜ ਨੇ ਕਿਹਾ ਕਿ ਅੱਜ ਦਾ ਯੁੱਗ ਮਸ਼ੀਨੀ ਢੰਗ ਨਾਲ ਤਕਨੀਕੀ ਲੱਭਤਾਂ ਨੂੰ ਲਾਗੂ ਕਰਨ ਦਾ ਹੈ ਅਤੇ ਇਸ ਦਿਸ਼ਾ ਵਿੱਚ ਇਸ ਕਾਰੋਬਾਰੀ ਉੱਦਮੀ ਨੇ ਬੇਹੱਦ ਮਾਰ ਕੇ ਵਾਲਾ ਕਾਰਜ ਕੀਤਾ ਹੈ।

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER
1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ
ਕਿਸਾਨ ਮੇਲੇ
ਨਾਗਕਲਾਂ (ਅੰਮ੍ਰਿਤਸਰ) 3 ਸਤੰਬਰ
ਬੱਲੋਵਾਲ ਸੌਂਖੜੀ 6 ਸਤੰਬਰ
ਫਰੀਦਕੋਟ 10 ਸਤੰਬਰ
ਗੁਰਦਾਸਪੁਰ 18 ਸਤੰਬਰ
ਰੌਣੀ (ਪਟਿਆਲਾ) 24 ਸਤੰਬਰ
ਬਠਿੰਡਾ 27 ਸਤੰਬਰ
ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ

